ਸਾਡਾ ਭਾਈਚਾਰਾ · ਸਾਡਾ ਵਾਤਾਵਰਣ · ਸਾਡਾ ਸ਼ਹਿਰ

# ਸਿਟੀ ਵਿਊਜ਼

## ਬਜਟ ਅਤੇ ਰੇਟਸ

CITY OF Armadale




**4** ਆਪਣੇ **ਰੇਟਸ ਨੋਟਿਸ** ਨੂੰ ਸਮਝਣਾ

**5** **ਰੇਟਸ ਤੈਅ ਕਰਨ ਬਾਰੇ** ਜਾਣਕਾਰੀ

**6** **ਰੇਟਸ** ਭੁਗਤਾਨ ਕਰਨ ਦੇ ਤਰੀਕੇ

**9** ਪੈਨਸ਼ਨ ਲੈਣ ਵਾਲੇ ਅਤੇ **ਬਜ਼ੁਰਗ ਲੋਕ**


ਆਰਮਾਡੇਲ – ਜਿੱਥੇ ਸ਼ਹਿਰ ਅਤੇ ਪੇਂਡੂ ਇਲਾਕਾ ਮਿਲਦੇ ਹਨ

2025/2026

armadale.wa.gov.au

# ਮੇਅਰ ਵੱਲੋਂ ਸੁਨੇਹਾ



## ਮੈਨੂੰ ਤੁਹਾਡੇ ਨਾਲ ਇਹ ਸਾਂਝਾ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਕੌਂਸਲ ਨੇ ਹਾਲ ਹੀ ਵਿੱਚ 2025/2026 ਦੇ ਸਾਲਾਨਾ ਬਜਟ ਨੂੰ ਮੰਨਜ਼ੂਰੀ ਦਿੱਤੀ ਹੈ, ਜੋ ਕਿ ਸਿਟੀ ਦੀਆਂ ਸੇਵਾਵਾਂ, ਪੂੰਜੀਗਤ ਪ੍ਰੋਜੈਕਟਾਂ, ਕਰਜ਼ੇ ਦੇ ਪ੍ਰਬੰਧਨ ਅਤੇ ਭਵਿੱਖ ਵਿੱਚ ਸੰਪਤੀ ਦੇ ਨਵੀਨੀਕਰਨ ਲਈ ਬਚਤਾਂ 'ਤੇ 231 ਮਿਲੀਅਨ ਡਾਲਰ ਦਾ ਖ਼ਰਚ ਕਰਨ ਲਈ ਵਚਨਬੱਧ ਹੈ।

ਇਹ ਬਜਟ ਸਾਡੇ ਸਿਟੀ ਦੇ ਅੰਦਰ ਹੋਏ ਵੱਡੇ ਵਿਕਾਸ ਦਾ ਜਵਾਬ ਹੈ ਅਤੇ ਸਾਡੇ ਸਾਰੇ ਨਿਵਾਸੀਆਂ ਲਈ ਉੱਚ ਗੁਣਵੱਤਾ ਵਾਲੀਆਂ ਸੇਵਾਵਾਂ ਅਤੇ ਸਹੂਲਤਾਂ ਮੁਹੱਈਆ ਕਰਵਾਉਣ ਦੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਅਸੀਂ ਵੱਧ ਰਹੀ ਮੰਗ ਨੂੰ ਪੂਰਾ ਕਰਨ ਲਈ ਆਪਣੇ ਅਭਿਲਾਸ਼ੀ ਪੂੰਜੀਗਤ ਕਾਰਜ ਪ੍ਰੋਗਰਾਮ ਨੂੰ ਜਾਰੀ ਰੱਖ ਰਹੇ ਹਾਂ, ਨਾਲ ਹੀ ਆਪਣੀ ਲੰਬੀ ਮਿਆਦ ਦੀ ਵਿੱਤੀ ਸਥਿਰਤਾ ਅਤੇ ਕਰਜ਼ੇ ਦੇ ਜ਼ਿੰਮੇਵਾਰ ਪੱਧਰਾਂ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਾਂ।

ਇਸ ਸਾਲ ਸ਼ੁਰੂ ਹੋਣ ਵਾਲੇ ਰੋਮਾਂਚਕ ਪ੍ਰੋਜੈਕਟਾਂ ਵਿੱਚੋਂ ਇੱਕ ਹੈ, ਆਰਮਾਡੇਲ ਦਾ 'ਸੈਂਟਰਲ ਪਾਰਕ' ਪ੍ਰੋਜੈਕਟ। ਅਕਤੂਬਰ 2025 ਵਿੱਚ ਆਰਮਾਡੇਲ ਰੇਲਵੇ ਲਾਈਨ ਦੇ ਖੁੱਲ੍ਹਣ ਨਾਲ, ਸਾਡੇ ਕੋਲ ਨਵੇਂ ਆਰਮਾਡੇਲ ਸਟੇਸ਼ਨ ਦੇ ਆਲੇ-ਦੁਆਲੇ ਦੇ ਖੇਤਰ ਨੂੰ ਨਵੀਂ ਰੌਣਕ ਦੇਣ ਅਤੇ ਸੁਧਾਰਨ ਦਾ ਵਿਲੱਖਣ ਮੌਕਾ ਹੈ। ਇਹ ਪ੍ਰੋਜੈਕਟ ਸੁਆਗਤਯੋਗ ਅਤੇ ਜੀਵੰਤ ਭਾਈਚਾਰਕ ਸਥਾਨਾਂ ਦੀ ਲੜੀ ਪ੍ਰਦਾਨ ਕਰੇਗਾ, ਜੋ ਆਉਣ-ਜਾਣ, ਸਰਗਰਮੀਆਂ ਅਤੇ ਆਰਥਿਕ ਵਿਕਾਸ ਨੂੰ ਉਤਸ਼ਾਹਿਤ ਕਰੇਗਾ, ਅਤੇ ਹਰ ਉਮਰ ਦੇ ਲੋਕਾਂ ਨੂੰ ਆਪਸ ਵਿੱਚ ਜੋੜੇਗਾ।

ਸੇਵਿਲ ਗਰੋਵ ਵਿੱਚ ਮੋਰਗਨ ਪਾਰਕ ਵਿਖੇ 5.8 ਮਿਲੀਅਨ ਡਾਲਰ ਦੀ ਲਾਗਤ ਨਾਲ ਬਹੁ-ਮੰਤਵੀ ਪਵੇਲੀਅਨ ਅਤੇ ਕਾਰ ਪਾਰਕ ਦੀ ਉਸਾਰੀ ਸ਼ੁਰੂ ਹੋ ਗਈ ਹੈ, ਜੋ ਕਿ 1970 ਦੇ ਦਹਾਕੇ ਦੀ ਪੁਰਾਣੀ ਇਮਾਰਤ ਨੂੰ ਆਧੁਨਿਕ ਸਹੂਲਤ ਨਾਲ ਬਦਲ ਰਹੀ ਹੈ ਅਤੇ ਸਾਡੇ ਭਾਈਚਾਰੇ ਦੀਆਂ ਲੋੜਾਂ ਨੂੰ ਬਿਹਤਰ ਢੰਗ ਨਾਲ ਪੂਰਾ ਕਰੇਗੀ। ਅਸੀਂ ਆਪਣੇ ਨਵੇਂ ਉਪਨਗਰਾਂ ਵਿੱਚ ਵੱਧ ਰਹੀ ਅਬਾਦੀ ਦੀ ਸਹਾਇਤਾ ਕਰਨ ਲਈ ਪਿਆਰਾ ਵਾਟਰਜ਼ ਵੈਸਟ ਵਿੱਚ ਨਵੇਂ ਖੇਡ ਮੈਦਾਨ ਅਤੇ ਸਪੋਰਟਸ ਕੰਪਲੈਕਸ 'ਤੇ ਵੀ ਲਗਭਗ 4 ਮਿਲੀਅਨ ਡਾਲਰ ਦਾ ਨਿਵੇਸ਼ ਕਰ ਰਹੇ ਹਾਂ।

ਅਸੀਂ ਆਪਣੇ ਲੋਕਪ੍ਰਿਯ ਮੇਲਿਆਂ ਅਤੇ ਸਮਾਗਮ ਪ੍ਰੋਗਰਾਮਾਂ ਨੂੰ ਜਾਰੀ ਰੱਖ ਰਹੇ ਹਾਂ, ਜਿਨ੍ਹਾਂ ਵਿੱਚ 'ਆਰਮਾਡੇਲ ਹਾਈਲੈਂਡ ਗੈਦਰਿੰਗ' ਅਤੇ 'ਪਰਥ ਕਿਲਟ ਰਨ', 'ਆਰਮਾਡੇਲ ਆਰਟਸ ਫੈਸਟੀਵਲ', 'ਕੈਰੋਲਸ ਬਾਏ ਕੈਂਡਲਲਾਈਟ' ਅਤੇ 'ਮਿਊਜ਼ਿਕ ਇਨ ਦ ਪਾਰਕ' ਸ਼ਾਮਲ ਹਨ। ਅਸੀਂ 2026 ਵਿੱਚ, ਆਸਟ੍ਰੇਲੀਆ ਡੇਅ 'ਤੇ ਆਤਿਸ਼ਬਾਜ਼ੀ ਨੂੰ ਦੁਬਾਰਾ ਸ਼ੁਰੂ ਕਰਨ ਦੀ ਵੀ ਉਮੀਦ ਕਰ ਰਹੇ ਹਾਂ, ਹੁਣ ਜਦੋਂ ਕਿ ਮੈਟਰੋਨੈੱਟ ਪ੍ਰੋਜੈਕਟ ਪੂਰਾ ਹੋਣ ਦੇ ਨੇੜੇ ਹੈ। ਜਨਵਰੀ 2026 ਦਾ ਇਹ ਸਮਾਗਮ ਪਹਿਲਾਂ ਨਾਲੋਂ ਕਿਤੇ ਵੱਡਾ ਅਤੇ ਬਿਹਤਰ ਹੋਵੇਗਾ – ਜਿਸ ਵਿੱਚ ਲਾਈਵ ਮਨੋਰੰਜਨ, ਖਾਣ-ਪੀਣ, ਬੱਚਿਆਂ ਲਈ ਸਰਗਰਮੀਆਂ ਅਤੇ ਵਿਸ਼ਾਲ ਆਤਿਸ਼ਬਾਜ਼ੀ ਪ੍ਰਦਰਸ਼ਨ ਹੋਵੇਗਾ।

ਇਸ ਬਜਟ ਦਾ ਇੱਕ ਅਹਿਮ ਹਿੱਸਾ ਸਾਡੇ ਵਾਤਾਵਰਣ ਦੀ ਸਾਂਭ-ਸੰਭਾਲ ਲਈ ਨਿਰਧਾਰਤ ਕੀਤੇ ਗਏ ਫੰਡ ਹਨ। ਇਸ ਸਾਲ ਅਸੀਂ ਊਰਜਾ ਪ੍ਰਬੰਧਨ, ਵਾਤਾਵਰਣ ਯੋਜਨਾਬੰਦੀ ਅਤੇ ਨਿਗਰਾਨੀ, ਆਵਾਸ ਅਤੇ ਜੈਵ-ਵਿਭਿੰਨਤਾ ਦੀ ਸੁਰੱਖਿਆ, ਅਤੇ ਜਲ ਮਾਰਗਾਂ ਅਤੇ ਭੂਮੀ ਪ੍ਰਬੰਧਨ ਲਈ 3 ਮਿਲੀਅਨ ਡਾਲਰ ਤੋਂ ਵੱਧ ਰਕਮ ਰਾਖਵੀਂ ਰੱਖੀ ਹੈ। ਇਨ੍ਹਾਂ ਪ੍ਰੋਗਰਾਮਾਂ ਤੋਂ ਇਲਾਵਾ, ਅਸੀਂ ਇਸ ਸਾਲ ਆਪਣੀ ਸ਼ਹਿਰੀ ਜੰਗਲਾਤ ਰਣਨੀਤੀ ਵਿੱਚ 1 ਮਿਲੀਅਨ ਡਾਲਰ ਦਾ ਵਾਧਾ ਕਰ ਰਹੇ ਹਾਂ, ਜੋ ਸਾਨੂੰ ਆਪਣੇ ਉਪਨਗਰਾਂ ਨੂੰ ਠੰਡਾ ਰੱਖਣ ਲਈ ਰੁੱਖ ਲਗਾਉਣ ਅਤੇ ਪੌਲੀਫੈਗਸ ਸ਼ਾਟ ਹੋਲ ਬੋਰਰ ਬੀਟਲ ਕਾਰਨ ਨਸ਼ਟ ਹੋ ਚੁੱਕੇ ਰੁੱਖਾਂ ਨੂੰ ਬਦਲਣ ਵਿੱਚ ਮੱਦਦ ਕਰੇਗਾ।

ਸੜਕਾਂ ਦਾ ਨਵੀਨੀਕਰਨ ਹਾਲੇ ਵੀ ਸਾਡੀ ਤਰਜੀਹ ਹੈ, ਜਿਸ ਲਈ ਨਵੀਨੀਕਰਨ ਅਤੇ ਨਵੇਂ ਬੁਨਿਆਦੀ ਢਾਂਚੇ, ਦੋਵਾਂ ਕੰਮਾਂ ਵਿੱਚ 15 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਗਿਆ ਹੈ। ਇਸ ਵਿੱਚ ਵਾਈ ਪਲੇਸ ਤੋਂ ਹੇਨਸ ਸ਼ਾਪਿੰਗ ਸੈਂਟਰ ਤੱਕ ਏਟਥ ਰੋਡ ਦਾ ਨਵੀਨੀਕਰਨ ਅਤੇ ਮੇਸਨ ਰੋਡ/ਰਾਈਟ ਰੋਡ ਦੇ ਰਾਊਂਡਅਬਾਊਟ ਵਰਗੇ ਵੱਡੇ ਪ੍ਰੋਜੈਕਟ ਸ਼ਾਮਲ ਹਨ। ਅਸੀਂ ਆਪਣੀ ਏਕੀਕ੍ਰਿਤ ਆਵਾਜਾਈ ਰਣਨੀਤੀ ਦੇ ਹਿੱਸੇ ਵਜੋਂ ਹੋਰ ਬੱਸ ਸ਼ੈਲਟਰ ਅਤੇ EV ਚਾਰਜਿੰਗ ਸਟੇਸ਼ਨ ਵੀ ਸ਼ਾਮਲ ਕਰ ਰਹੇ ਹਾਂ।

ਅਸੀਂ ਭਵਿੱਖ ਲਈ ਯੋਜਨਾਬੰਦੀ ਕਰਨ ਦੇ ਮਹੱਤਵ ਨੂੰ ਸਮਝਦੇ ਹਾਂ, ਇਸ ਲਈ ਅਸੀਂ ਸਿਟੀ ਦੀਆਂ ਸੰਪਤੀਆਂ (ਸੜਕਾਂ, ਇਮਾਰਤਾਂ, ਪੁਲਾਂ, ਡ੍ਰੇਨੇਜ ਦੇ ਬੁਨਿਆਦੀ ਢਾਂਚੇ) ਦੇ ਨਵੀਨੀਕਰਨ ਲਈ ਢੁੱਕਵੇਂ ਫ਼ੰਡ ਵੱਖ ਰੱਖਣਾ ਜਾਰੀ ਰੱਖਿਆ ਹੈ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੱਡੀਆਂ ਸੰਪਤੀਆਂ ਨੂੰ ਬਦਲਣ ਦਾ ਪੂਰਾ ਖ਼ਰਚਾ ਨਾ ਚੁੱਕਣਾ ਪਵੇ। ਸਾਡਾ ਸੰਪਤੀ ਨਵੀਨੀਕਰਨ ਬਜਟ 18 ਮਿਲੀਅਨ ਡਾਲਰ 'ਤੇ ਸਥਿਰ ਹੈ ਅਤੇ ਪੁਰਾਣੇ ਹੋ ਰਹੇ ਬੁਨਿਆਦੀ ਢਾਂਚੇ ਦੇ ਨਾਲ ਕਦਮ ਮਿਲਾਉਣ ਲਈ ਹਰ ਸਾਲ 1 ਮਿਲੀਅਨ ਡਾਲਰ ਵਧਾਇਆ ਜਾਵੇਗਾ।

2025/2026 ਦੇ ਬਜਟ ਨੂੰ ਤਿਆਰ ਕਰਨ ਦੌਰਾਨ ਕੀਤੇ ਗਏ ਸਾਰੇ ਸਖ਼ਤ ਮਿਹਨਤ ਵਾਲੇ ਕੰਮ ਲਈ, ਅਤੇ City of Armadale (ਸਿਟੀ ਆਫ਼ ਅਰਮਾਡੇਲ) ਨੂੰ ਹਰ ਸਾਲ ਹੋਰ ਬਿਹਤਰ ਬਣਾਉਣ ਲਈ ਕੀਤੇ ਜਾ ਰਹੇ ਨਿਰੰਤਰ ਯਤਨਾਂ ਲਈ ਮੇਰੇ ਕੌਂਸਲਰ ਸਾਥੀਆਂ ਅਤੇ ਕੌਂਸਲ ਦੇ ਅਧਿਕਾਰੀਆਂ ਦਾ ਧੰਨਵਾਦ।

R. Butterfield

**Ruth Butterfield**
City of Armadale ਦੀ ਮੇਅਰ

ਜਿਲਦ: ਪਿਆਰਾ ਵਾਟਰਜ਼ ਲਾਇਬ੍ਰੇਰੀ - ਸਿਲਵਰਟੋਨ ਫ਼ੋਟੋਗ੍ਰਾਫੀ



# 2025/2026 ਦੇ ਬਜਟ ਦੀ ਝਲਕ


## City of Armadale ਵੈਸਟਰਨ ਆਸਟ੍ਰੇਲੀਆ ਦੇ ਸਭ ਤੋਂ ਵੱਧ ਸ਼ਹਿਰੀ ਵਿਕਾਸ ਵਾਲੇ ਖੇਤਰਾਂ ਵਿੱਚੋਂ ਇੱਕ ਬਣਿਆ ਹੋਇਆ ਹੈ। ਇਸਦੀ ਆਬਾਦੀ ਹੁਣ 109,000 ਤੋਂ ਵੱਧ ਹੋ ਗਈ ਹੈ ਅਤੇ 2046 ਤੱਕ ਲਗਭਗ 150,000 ਤੱਕ ਵੱਧਣ ਦੀ ਉਮੀਦ ਹੈ।

ਇਹ ਕੌਂਸਲ ਵਿੱਤੀ ਤੌਰ 'ਤੇ ਸਭ ਤੋਂ ਵੱਧ ਜ਼ਿੰਮੇਵਾਰ ਤਰੀਕੇ ਨਾਲ ਸਾਡੇ ਵੱਧ ਰਹੇ ਭਾਈਚਾਰੇ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸੇਵਾਵਾਂ ਅਤੇ ਬੁਨਿਆਦੀ ਢਾਂਚਾ ਪ੍ਰਦਾਨ ਕਰਨਾ ਜਾਰੀ ਰੱਖਣ ਲਈ ਸਖ਼ਤ ਮਿਹਨਤ ਕਰ ਰਹੀ ਹੈ, ਅਤੇ ਨਾਲ ਹੀ ਨਾਲ ਇਹ ਵੀ ਯਕੀਨੀ ਬਣਾ ਰਹੀ ਹੈ ਕਿ ਅਸੀਂ ਆਪਣੀ ਵਾਤਾਵਰਣ ਅਤੇ ਸੱਭਿਆਚਾਰਕ ਵਿਰਾਸਤ ਦੀ ਦੇਖਭਾਲ ਕਰਦੇ ਹਾਂ।

ਇਸ ਸਾਲ, ਕੌਂਸਲ ਨੇ City of Armadale ਦੀਆਂ ਕਈ ਕਿਸਮ ਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ 128 ਮਿਲੀਅਨ ਡਾਲਰ ਦਾ ਕੰਮ-ਕਾਜ਼ੀ ਬਜਟ ਰੱਖਿਆ ਹੈ। ਇਨ੍ਹਾਂ ਸੇਵਾਵਾਂ ਵਿੱਚ ਸਾਡੇ ਸਥਾਨਕ ਪਾਰਕਾਂ, ਭਾਈਚਾਰਕ ਸੁਵਿਧਾਵਾਂ ਅਤੇ ਲਾਇਬ੍ਰੇਰੀਆਂ ਦੀ ਸਾਂਭ-ਸੰਭਾਲ, ਮਹੱਤਵਪੂਰਨ ਭਾਈਚਾਰਕ ਸੇਵਾਵਾਂ ਜਿਵੇਂ ਕਿ ਸਿਟੀ ਰੇਂਜਰਸ, ਐਮਰਜੈਂਸੀ ਪ੍ਰਬੰਧਨ ਅਤੇ ਜਨਤਕ ਸਿਹਤ ਪ੍ਰਦਾਨ ਕਰਨਾ, ਅਤੇ ਸਾਡੀਆਂ ਸੜਕਾਂ, ਪਾਣੀ ਨਿਕਾਸੀ ਅਤੇ ਫੁੱਟਪਾਥ ਨੈੱਟਵਰਕਾਂ ਦੀ ਸਾਂਭ-ਸੰਭਾਲ ਕਰਨਾ ਸ਼ਾਮਲ ਹੈ।

ਇਹ 83 ਮਿਲੀਅਨ ਡਾਲਰ ਦਾ ਪੂੰਜੀਗਤ ਨਿਵੇਸ਼ ਬਜਟ ਕਈ ਪ੍ਰੋਜੈਕਟਾਂ ਨੂੰ ਅੱਗੇ ਵਧਾਏਗਾ, ਜਿਸ ਵਿੱਚ ਦੋ ਖੇਤਰੀ ਪ੍ਰੋਜੈਕਟ ਸ਼ਾਮਲ ਹਨ – ਸਿਟੀ ਸੈਂਟਰ ਵਿੱਚ ਇੱਕ ਡੈਸਟੀਨੇਸ਼ਨ ਪਾਰਕ ਅਤੇ ਕਈ ਖੇਡਾਂ ਲਈ ਖੇਤਰੀ ਮਨੋਰੰਜਨ ਕੇਂਦਰ 'ਤੇ ਸ਼ੁਰੂਆਤੀ ਕੰਮ। ਇਸ ਤੋਂ ਇਲਾਵਾ, ਸਿਟੀ ਨੇ ਤਿੰਨ ਭਾਈਚਾਰਕ ਇਮਾਰਤਾਂ ਦੇ ਅੱਪਗ੍ਰੇਡ ਅਤੇ ਨਵੀਨੀਕਰਨ, ਪਿਆਰਾ ਵਾਟਰਜ਼ ਵੈਸਟ ਵਿੱਚ ਨਵੇਂ ਖੇਡ ਮੈਦਾਨਾਂ ਦੇ ਵਿਕਾਸ, ਅਤੇ ਨਵੀਨੀਕਰਨ ਕੀਤੇ ਪਾਰਕਾਂ, ਖੇਡ ਮੈਦਾਨਾਂ, ਰੌਸ਼ਨੀ ਅਤੇ ਫੁੱਟਪਾਥਾਂ 'ਤੇ ਕੰਮ ਕਰਨਾ ਜਾਰੀ ਰੱਖਿਆ ਹੈ।

City of Armadale ਦੀਆਂ ਕੁੱਲ ਵਿੱਤੀ ਵਚਨਬੱਧਤਾਵਾਂ 21 ਮਿਲੀਅਨ ਡਾਲਰ ਦੀਆਂ ਹਨ ਅਤੇ ਇਸ ਵਿੱਚ ਭਵਿੱਖ ਦੇ ਕੰਮਾਂ ਲਈ ਨਕਦੀ ਦਾ ਰਾਖਵਾਂਕਰਨ ਅਤੇ ਕਰਜ਼ੇ ਦੀ ਮੁੜ-ਅਦਾਇਗੀ ਸ਼ਾਮਲ ਹੈ, ਜੋ ਇਸ ਸਾਲ ਕੁੱਲ 33 ਮਿਲੀਅਨ ਡਾਲਰ ਦੀ ਹੋਵੇਗੀ।




96 ਮਿਲੀਅਨ ਡਾਲਰ 'ਤੇ, ਰੇਟ ਮਾਲੀਆ City of Armadale ਦੇ ਕੁੱਲ ਮਾਲੀਏ ਦਾ ਸਿਰਫ਼ 42% ਬਣਦਾ ਹੈ, ਜਦੋਂ ਕਿ ਫੰਡਾਂ ਦੇ ਹੋਰ ਸਰੋਤ ਬਾਕੀ ਦਾ 58% ਹਿੱਸਾ ਬਣਾਉਂਦੇ ਹਨ। ਇਨ੍ਹਾਂ ਵਿੱਚ ਫੀਸਾਂ, ਖ਼ਰਚੇ, ਗ੍ਰਾਂਟਾਂ, ਜਜ਼ੀਆ ਅਤੇ ਵਿਆਜ ਦੀ ਕਮਾਈ ਸ਼ਾਮਲ ਹੈ। ਧਿਆਨ ਦੇਣ ਯੋਗ ਹੈ ਕਿ ਸਿਟੀ ਦੇ ਪੂੰਜੀਗਤ ਬਜਟ ਵਿੱਚ ਸੂਬਾਈ ਅਤੇ ਫੈਡਰਲ ਸਰਕਾਰਾਂ ਵੱਲੋਂ ਵੱਡੇ ਪ੍ਰੋਜੈਕਟਾਂ ਲਈ 40.4 ਮਿਲੀਅਨ ਡਾਲਰ ਦੀ ਗ੍ਰਾਂਟ ਰਾਖਵੀਂ ਕੀਤੀ ਗਈ ਹੈ। ਇਹ ਸਿਟੀ ਨੂੰ ਬਦਲਾਅਕਾਰੀ ਪ੍ਰੋਜੈਕਟਾਂ ਨੂੰ ਅੱਗੇ ਵਧਾਉਣ ਯੋਗ ਬਣਾਉਂਦੀ ਹੈ, ਜਿਨ੍ਹਾਂ ਵਿੱਚ ਸੈਂਟ੍ਰਲ ਪਾਰਕ ਅਤੇ ਆਰਮਾਡੇਲ ਰੀਜਨਲ ਰਿਕ੍ਰੀਏਸ਼ਨ ਰਿਜ਼ਰਵ ਦਾ ਪਹਿਲਾ ਪੜਾਅ ਸ਼ਾਮਲ ਹਨ।

| ਫੰਡਾਂ ਦੇ ਸਰੋਤ | ਮਿਲੀਅਨ ਵਿੱਚ ਡਾਲਰ | % |
|---|---|---|
| ਰੇਟਾਂ ਤੋਂ ਪ੍ਰਾਪਤ ਮਾਲੀਆ (ਰੇਟ ਰੇਵਨਿਊ) | $96.27 | 42% |
| ਫ਼ੀਸਾਂ ਅਤੇ ਖ਼ਰਚੇ | $37.68 | 16% |
| ਕੰਮਕਾਜੀ ਗ੍ਰਾਂਟਾਂ, ਸਬਸਿਡੀਆਂ ਅਤੇ ਜਜ਼ੀਆ | $6.53 | 3% |
| ਵਿਆਜ ਤੋਂ ਕਮਾਈ | $6.67 | 3% |
| ਹੋਰ ਮਾਲੀਆ/ਆਮਦਨ | $0.67 | <1% |
| ਗ਼ੈਰ-ਕੰਮਕਾਜੀ ਗ੍ਰਾਂਟਾਂ, ਸਬਸਿਡੀਆਂ ਅਤੇ ਜਜ਼ੀਆ | $50.23 | 22% |
| ਸੰਪਤੀਆਂ ਦੀ ਵਿਕਰੀ ਤੋਂ ਕਮਾਈ | $1.70 | 1% |
| ਨਕਦ ਖਜ਼ਾਨੇ (ਕੈਸ਼ ਰਿਜ਼ਰਵ) ਤੋਂ | $18.55 | 8% |
| ਕਰਜ਼ੇ | $10.17 | 4% |
| ਅਗਾਊਂ ਭੁਗਤਾਨ ਕੀਤੀ ਵਿੱਤੀ ਸਹਾਇਤਾ ਗ੍ਰਾਂਟ | $3.00 | 1% |
| **ਫੰਡਾਂ ਦੇ ਕੁੱਲ ਸਰੋਤ** | **$231.46** | **100%** |

*ਨੇੜਲਾ ਪੂਰਨ ਅੰਕ ਬਣਾਉਣ ਕਾਰਨ ਸ਼ਾਇਦ ਪ੍ਰਤੀਸ਼ਤਤਾ ਦਾ ਕੁੱਲ ਜੋੜ 100% ਨਾ ਹੋਵੇ

# ਆਪਣੇ ਰੇਟਸ ਨੋਟਿਸ ਨੂੰ ਸਮਝਣਾ

**ਸਿਰਫ਼ ਉਦਾਹਰਨ ਲਈ**


ਰੇਟਸ ਨੋਟਿਸ ਟੈਕਸ ਇਨਵੌਇਸ

CITY OF Armadale

7 Orchard Avenue, Armadale
Western Australia 6112
Locked Bag No 2, Armadale
Western Australia 6992
www.armadale.wa.gov.au
ABN: 79 863 269 538

ਰੇਟਸ ਬਾਰੇ ਪੁੱਛਗਿੱਛ
(08) 9394 5788
ਆਮ ਪੁੱਛਗਿੱਛ
(08) 9394 5000
ਕੂੜੇ-ਕਰਕਟ ਬਾਰੇ ਪੁੱਛਗਿੱਛ
(08) 9394 5124

ਈ-ਮੇਲ
info@armadale.wa.gov.au
ਦਫ਼ਤਰ ਦਾ ਸਮਾਂ
ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8.15 ਵਜੇ ਤੋਂ ਸ਼ਾਮ 4.45 ਵਜੇ ਤੱਕ
ਜੋਏਨ ਐਬਿਸ
ਮੁੱਖ ਕਾਰਜਕਾਰੀ ਅਧਿਕਾਰੀ
ਫੈਕਸ
(08) 9394 5184

ਜੇਕਰ ਦਿਖਾਇਆ ਗਿਆ ਨਾਮ ਜਾਂ ਪਤਾ ਗ਼ਲਤ ਹੈ, ਤਾਂ ਕਿਰਪਾ ਕਰਕੇ ਲਿਖਤੀ ਰੂਪ ਵਿੱਚ ਕੌਂਸਲ ਨੂੰ ਸੂਚਿਤ ਕਰੋ

J A Smith & A B Smith
123 Street Name
SUBURB WA 6112

ਮੁਲਾਂਕਣ ਨੰਬਰ 1234 (6)
ਅਦਾਇਗੀ ਕਰਨ ਦੀ ਅੰਤਿਮ ਮਿਤੀ 30 ਸਤੰਬਰ 2025

ਵਿੱਤੀ ਸਾਲ: 01/07/2025 ਤੋਂ 30/06/2026
ਜਾਰੀ ਕਰਨ ਦੀ ਮਿਤੀ: 22 ਅਗਸਤ 2025
ਆਂਕਿਆ ਗਿਆ ਮੁੱਲ: $17,420.00 - GRV (7)
ਘੱਟੋ-ਘੱਟ ਭੁਗਤਾਨ: $1,460
ਵਾਰਡ: ਵਾਰਡ ਦਾ ਨਾਮ
ਪਲਾਟ/ਸਥਾਨ ਨੰਬਰ: ਪਲਾਟ: 0 D/P: 456789
ESL ਵਰਤੋਂ: ਰਿਹਾਇਸ਼ੀ
ESL ਆਂਕਿਆ ਗਿਆ ਮੁੱਲ: $17,420.00

ਜਾਇਦਾਦ ਦਾ ਪਤਾ:
123 Street Name SUBURB WA 6112

ਰੀਸਾਈਕਲਿੰਗ ਖੇਤਰ 2 (8)
ESL ਸ਼੍ਰੇਣੀ 1

| ਵੇਰਵੇ | ਡਾਲਰ ਵਿੱਚ ਰੇਟ ਜਾਂ ਪ੍ਰਤੀ ਸੇਵਾ ਖ਼ਰਚਾ/ਫ਼ੀਸ | | ਮੌਜੂਦਾ | ਬਕਾਇਆ/ਅੱਗੇ ਲਿਆਂਦਾ | ਕੁੱਲ | |
|---|---|---|---|---|---|---|
| GRV - ਰਿਹਾਇਸ਼ੀ ਸੁਧਾਰੀ ਗਈ ਜ਼ਮੀਨ | 0.101225 | | $1,763.34 | $0.00 | $1,763.34 | 1 |
| ਘਰੇਲੂ ਕੂੜਾ-ਕਰਕਟ | 449.00 | 1 | $449.00 | $0.00 | $449.00 | 2 |
| ਪੂਲ ਮੁਆਇਨਾ ਲੇਵੀ | 38.00 | 1 | $38.00 | $0.00 | $38.00 | 3 |
| ਐਮਰਜੈਂਸੀ ਸੇਵਾਵਾਂ ਦਾ ਲੇਵੀ | 0.014555 | | $253.55 | $0.00 | $253.55 | 4 |
| | | | $2,503.89 | | | |

GST* ਸਥਾਨਕ ਸਰਕਾਰ ਚਾਰਜ $2,503.89 GST $0.00 ਕੁੱਲ ਬਕਾਇਆ $2,503.89 (5)

## 1 ਤੁਹਾਡੇ ਰੇਟਾਂ ਦੀ ਗਣਨਾ ਕਿਵੇਂ ਕੀਤੀ ਜਾਂਦੀ ਹੈ?

ਇਹ ਸਾਲ 2025/2026 ਲਈ ਤੁਹਾਡੇ ਰੇਟਾਂ ਦੀ ਰਕਮ ਹੈ, ਜਿਸ ਦੀ ਗਣਨਾ ਡਾਲਰ ਵਿੱਚ ਇਸ ਰੇਟ ਨੂੰ ਅੰਕੇ ਗਏ ਮੁੱਲ ਨਾਲ ਗੁਣਾ ਕਰਕੇ ਕੀਤੀ ਜਾਂਦੀ ਹੈ (GRV, ਜੋ ਕਿ ਵੈਲੂਅਰ ਜਨਰਲ (Valuer General) ਦੁਆਰਾ ਲੈਂਡਗੇਟ 'ਤੇ ਨਿਰਧਾਰਤ ਕੀਤੀ ਗਈ ਹੈ - ਵਿਆਖਿਆ ਲਈ ਪੰਨਾ 5 ਦੇਖੋ)।




## 2 ਘਰੇਲੂ ਕੂੜਾ-ਕਰਕਟ ਚਾਰਜ

ਤੁਹਾਡੀਆਂ ਇਨ੍ਹਾਂ ਚੀਜ਼ਾਂ ਲਈ ਭੁਗਤਾਨ ਕਰਦਾ ਹੈ:

- ਹਰ ਹਫ਼ਤੇ ਸਧਾਰਨ ਕੂੜਾ-ਕਰਕਟ ਅਤੇ ਹਰ ਪੰਦਰਵਾੜੇ ਰੀਸਾਈਕਲਿੰਗ ਵਾਲਾ ਕੂੜੇਦਾਨ ਇਕੱਠਾ ਕਰਨਾ
- ਇੱਕ ਵਾਰ ਸੜਕ ਕਿਨਾਰਿਓਂ ਨਿਯਤ ਤਾਰੀਖ਼ 'ਤੇ ਭਾਰੀ ਕੂੜਾ-ਕਰਕਟ ਇਕੱਠਾ ਕਰਨਾ
- ਦੋ ਵਾਰ ਸੜਕ ਕਿਨਾਰਿਓਂ ਨਿਯਤ ਤਾਰੀਖ਼ 'ਤੇ ਹਰਾ ਕੂੜਾ-ਕਰਕਟ ਇਕੱਠਾ ਕਰਨਾ
- ਇੱਕ ਬੁੱਕ ਕੀਤਾ ਗਿਆ ਮੈਟ੍ਰਸ ਕਲੈਕਸ਼ਨ
- ਚਾਰ (4) ਟਿਪ ਪਾਸ

## 3 ਪੂਲ ਦਾ ਮੁਆਇਨਾ ਕਰਨ ਦੀ ਫ਼ੀਸ

ਇਹ ਨਿਯਮਿਤ ਸੁਰੱਖਿਆ ਕਾਨੂੰਨ-ਪਾਲਣਾ ਮੁਆਇਨੇ ਦੇ ਖ਼ਰਚਿਆ ਨੂੰ ਪੂਰਾ ਕਰਦੀ ਹੈ।

## 4 ਐਮਰਜੈਂਸੀ ਸੇਵਾਵਾਂ ਦਾ ਲੇਵੀ (Emergency Services Levy)

*(DFES ਫ਼ਲਾਇਰ ਵੇਖੋ)*

ਇਹ ਇੱਕ ਰਾਜ ਸਰਕਾਰ ਵੱਲੋਂ ਲਗਾਇਆ ਗਿਆ ਖ਼ਰਚਾ ਹੈ, ਜੋ ਸਾਰੇ ਕੌਂਸਲ ਰੇਟਸ ਨੋਟਿਸਾਂ 'ਤੇ ਦਿਖਾਈ ਦਿੰਦਾ ਹੈ। ESL ਵੱਲੋਂ ਲਗਾਈ ਗਈ ਰਕਮ ਨੂੰ ਫਾਇਰ ਅਤੇ ਐਮਰਜੈਂਸੀ ਸੇਵਾਵਾਂ ਦੇ ਵਿਭਾਗ (Department of Fire and Emergency Services) ਨੂੰ ਦਿੱਤਾ ਜਾਂਦਾ ਹੈ।

## 5 ਕੁੱਲ ਬਕਾਇਆ, ਇਹ ਸਾਲ 2025/2026 ਲਈ ਭੁਗਤਾਨ ਯੋਗ ਕੁੱਲ ਰਕਮ ਹੈ

## 6 ਤੁਹਾਡੀ ਜਾਇਦਾਦ ਦਾ ਮੁਲਾਂਕਣ ਨੰਬਰ

ਇਸਦੀ ਲੋੜ ਉਸ ਵੇਲੇ ਹੁੰਦੀ ਹੈ ਜਦੋਂ ਤੁਸੀਂ ਈ-ਰੇਟਸ (e-Rates) ਲਈ ਔਨਲਾਈਨ ਰਜਿਸਟਰ ਕਰਦੇ ਹੋ (ਈ-ਰੇਟਸ ਦੀ ਜਾਣਕਾਰੀ ਲਈ ਪਿਛਲਾ ਪੰਨਾ ਵੇਖੋ)

## 7 ਇਹ ਤੁਹਾਡਾ ਕੁੱਲ ਕਿਰਾਇਆ ਮੁੱਲ (Gross Rental Value) (GRV) ਹੈ ਜੋ ਕਿ ਲੈਂਡਗੇਟ ਦੁਆਰਾ ਤੈਅ ਕੀਤਾ ਗਿਆ ਹੈ

## 8 ਇਹ ਤੁਹਾਡਾ ਰੀਸਾਈਕਲਿੰਗ ਦਿਨ ਹੈ

(ਆਪਣੀ ਕੂੜਾ-ਕਰਕਟ ਅਤੇ ਰੀਸਾਈਕਲਿੰਗ ਗਾਈਡ ਦੇਖੋ)

# ਰੇਟਸ ਤੈਅ ਕਰਨ ਬਾਰੇ ਜਾਣਕਾਰੀ

## ਸ਼ਹਿਰ ਦੇ ਕੁੱਲ ਕਿਰਾਇਆ ਮੁੱਲ (Gross Rental Value) (GRV) ਇਲਾਕਿਆਂ ਵਿੱਚ

*ਸਥਾਨਕ ਸਰਕਾਰ ਕਾਨੂੰਨ 1995* ਦੇ ਤਹਿਤ, ਕੌਂਸਲ ਕੁੱਝ ਖ਼ਾਸ ਕਿਸਮ ਦੀਆਂ ਜਾਇਦਾਦਾਂ 'ਤੇ ਵੱਖਰੇ ਰੇਟਸ ਲਗਾ ਸਕਦੀ ਹੈ। ਇਨ੍ਹਾਂ ਕਿਸਮਾਂ ਨੂੰ ਇਸ ਤਰ੍ਹਾਂ ਵੰਡਿਆ ਗਿਆ ਹੈ:

- GRV ਰਿਹਾਇਸ਼ੀ ਸੁਧਾਰੀ ਗਈ ਜ਼ਮੀਨ
- GRV ਖ਼ਾਲੀ ਜ਼ਮੀਨ
- GRV ਕਾਰੋਬਾਰ ਸੁਧਾਰੀ ਗਈ ਜ਼ਮੀਨ

ਕੌਂਸਲ ਨੇ ਹੇਠ ਲਿਖੇ ਵੱਖ-ਵੱਖ ਰੇਟ ਲਾਗੂ ਕੀਤੇ ਹਨ:

**GRV ਰਿਹਾਇਸ਼ੀ ਸੁਧਾਰੀ ਗਈ ਜ਼ਮੀਨ** – ਇਸ GRV ਫ਼ਰਕ ਲਈ ਪ੍ਰਤੀ ਡਾਲਰ ਰੇਟ ਵਿੱਚ 3.6% ਦਾ ਵਾਧਾ ਕੀਤਾ ਗਿਆ ਹੈ।

**GRV ਖ਼ਾਲੀ ਜ਼ਮੀਨ** – ਇਸ GRV ਫ਼ਰਕ ਲਈ ਪ੍ਰਤੀ ਡਾਲਰ ਰੇਟ ਵਿੱਚ 3.6% ਦਾ ਵਾਧਾ ਕੀਤਾ ਗਿਆ ਹੈ। ਇਹ ਪ੍ਰਤੀ ਡਾਲਰ ਰੇਟ ਰਿਹਾਇਸ਼ੀ ਸੁਧਾਰੀ ਗਈ ਜ਼ਮੀਨ ਨਾਲੋਂ ਵੱਧ ਹੈ, ਤਾਂਕਿ ਸਾਰੀਆਂ ਸੰਪਤੀਆਂ ਦੇ ਵਿਕਾਸ ਨੂੰ ਉਨ੍ਹਾਂ ਦੀ ਪੂਰੀ ਸਮਰੱਥਾ ਤੱਕ ਵਧਾਉਣ ਲਈ ਉਤਸ਼ਾਹਿਤ ਕੀਤਾ ਜਾ ਸਕੇ, ਜਿਸ ਨਾਲ ਭਾਈਚਾਰੇ ਦੇ ਸਾਰੇ ਖੇਤਰਾਂ ਵਿੱਚ ਆਰਥਿਕ ਤਰੱਕੀ ਅਤੇ ਵਿਕਾਸ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

**GRV ਕਾਰੋਬਾਰ ਸੁਧਾਰੀ ਗਈ ਜ਼ਮੀਨ** – ਇਸ GRV ਫ਼ਰਕ ਲਈ ਪ੍ਰਤੀ ਡਾਲਰ ਰੇਟ ਵਿੱਚ 3.6% ਦਾ ਵਾਧਾ ਕੀਤਾ ਗਿਆ ਹੈ। ਇਹ ਰਿਹਾਇਸ਼ੀ ਜ਼ਮੀਨ ਦੇ ਰੇਟ ਤੋਂ ਵੱਖਰਾ ਹੈ ਤਾਂ ਜੋ ਕੌਂਸਲ ਦੇ ਬੁਨਿਆਦੀ ਢਾਂਚੇ ਅਤੇ ਸੇਵਾਵਾਂ ਦੀ ਭਾਰੀ ਮੰਗ ਨੂੰ ਮਾਨਤਾ ਦੇਣ ਲਈ ਹੈ, ਜੋ ਕਿ ਇਨ੍ਹਾਂ ਮਾਮਲਿਆਂ ਦੇ ਕਾਰਨ ਹੋ ਸਕਦਾ ਹੈ:

- ਕੌਂਸਲ ਦਾ ਆਰਥਿਕ ਵਿਕਾਸ (City's Economic Development) ਕਾਰਜ, ਜੋ ਮੁੱਖ ਤੌਰ 'ਤੇ ਉਦਯੋਗਿਕ ਅਤੇ ਵਪਾਰਕ ਭਾਈਚਾਰੇ ਲਈ ਸਹਾਇਤਾ ਪ੍ਰਦਾਨ ਕਰਦਾ ਹੈ;
- CBD ਵਿੱਚ ਸੜਕਾਂ ਦੇ ਅੱਪਗ੍ਰੇਡ ਅਤੇ ਨਵੀਨੀਕਰਨ ਵਿੱਚ ਸੁਧਾਰ ਕਰਨ ਲਈ, ਜਿਸ ਵਿੱਚ ਸੜਕ 'ਤੇ ਰੌਸ਼ਨੀ ਕਰਨ ਦੀਆਂ ਪ੍ਰਣਾਲੀਆਂ ਵਿੱਚ ਸੁਧਾਰ ਕਰਨਾ ਸ਼ਾਮਲ ਹੈ;
- ਖ਼ਰੀਦਦਾਰੀ ਖੇਤਰਾਂ ਅਤੇ ਆਲੇ-ਦੁਆਲੇ ਦੇ ਰੱਖ-ਰਖਾਅ ਅਤੇ ਸੰਚਾਲਨ ਦੀਆਂ ਲਾਗਤਾਂ ਵਿੱਚ ਵਾਧਾ ਜਿਸ ਵਿੱਚ ਸੜਕ ਦੇ ਕਿਨਾਰਿਆਂ ਤੋਂ ਘਾਹ ਦੀ ਕਟਾਈ, ਕੂੜੇ ਦੀ ਸਫ਼ਾਈ, ਸੜਕ 'ਤੇ ਲੱਗੇ ਰੁੱਖਾਂ ਦੀ ਦੇਖਭਾਲ ਅਤੇ ਨਦੀਨ ਕੰਟਰੋਲ ਲਈ ਸਪਰੇਅ ਕਰਨਾ ਸ਼ਾਮਲ ਹੈ;
- ਉਦਯੋਗਿਕ ਖੇਤਰਾਂ ਵਿੱਚ ਰੱਖ-ਰਖਾਅ ਅਤੇ ਸੰਚਾਲਨ ਲਾਗਤਾਂ ਵਿੱਚ ਵਾਧਾ, ਖ਼ਾਸ ਕਰਕੇ ਪਾਣੀ ਨਿਕਾਸੀ ਨਾਲ ਸੰਬੰਧਿਤ।

## ਕੌਂਸਲ ਦੇ ਅਣ-ਸੋਧੇ ਮੁੱਲ ਵਾਲੇ (Unimproved Value)(UV) ਖੇਤਰਾਂ ਵਿੱਚ

ਪ੍ਰਤੀ ਡਾਲਰ ਵਿੱਚ ਸੁਝਾਅ ਦਿੱਤਾ ਗਿਆ ਇਹ ਰੇਟ ਇਹ ਯਕੀਨੀ ਬਣਾਉਣ ਲਈ ਤੈਅ ਕੀਤਾ ਗਿਆ ਹੈ ਕਿ ਅਣਸੋਧੇ ਮੁੱਲ (UV) ਵਾਲੀ ਜ਼ਮੀਨ ਤੋਂ ਪ੍ਰਾਪਤ ਕੁੱਲ ਰੇਟ ਮਾਲੀਏ ਦਾ ਅਨੁਪਾਤ ਪਿਛਲੇ ਸਾਲਾਂ ਦੇ ਨਾਲ ਇਕਸਾਰ ਰਹੇ।

**ਲਾਗੂ ਕੀਤੇ ਜਾਣ ਵਾਲੇ ਰੇਟਾਂ ਅਤੇ ਘੱਟੋ-ਘੱਟ ਭੁਗਤਾਨਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ:**

| ਰੇਟਾਂ ਦੇ ਗਰੁੱਪ | ਡਾਲਰ (ਸੈਂਟ) ਵਿੱਚ ਰੇਟ | ਘੱਟੋ-ਘੱਟ ਭੁਗਤਾਨ ($) | ਰੇਟ ਲੱਗਣ ਯੋਗ ਸੰਪਤੀਆਂ ਦੀ ਸੰਖਿਆ | ਲਗਾਏ ਗਏ ਕੁੱਲ ਰੇਟ ($) |
|---|---|---|---|---|
| **ਕੁੱਲ ਕਿਰਾਇਆ ਮੁੱਲ ਖੇਤਰ** | | | | |
| ਵੱਖਰੇ ਰੇਟ | | | | |
| ਖ਼ਾਲੀ ਜ਼ਮੀਨ | 15.6916 | 1,265 | 3,564 | 9,245,019 |
| ਰਿਹਾਇਸ਼ੀ ਸੁਧਾਰੀ ਗਈ ਜ਼ਮੀਨ | 10.1225 | 1,460 | 36,794 | 71,149,128 |
| ਕਾਰੋਬਾਰ ਸੁਧਾਰੀ ਗਈ ਜ਼ਮੀਨ | 10.5632 | 1,698 | 1,213 | 13,211,461 |
| **ਅਣ-ਸੋਧੇ ਮੁੱਲ ਵਾਲਾ ਖੇਤਰ** | | | | |
| ਆਮ ਰੇਟ | 0.5118 | 1,748 | 139 | 727,657 |
| **ਕੁੱਲ** | | | **41,710** | **94,333,265** |

ਕੌਂਸਲ ਦੇ ਉਦੇਸ਼ਾਂ ਅਤੇ ਕਾਰਨਾਂ ਬਾਰੇ ਹੋਰ ਜਾਣਕਾਰੀ ਲੈਣ ਲਈ, ਕਿਰਪਾ ਕਰਕੇ ਕੌਂਸਲ ਦੀ ਵੈੱਬਸਾਈਟ **www.armadale.wa.gov.au** 'ਤੇ ਜਾਓ।

## ਰਿਹਾਇਸ਼ੀ ਰੇਟਾਂ ਵਿੱਚ ਰਿਆਇਤ

City of Armadale ਦੁਆਰਾ ਸਾਲ 2025/2026 *ਲਈ ਸਥਾਨਕ ਸਰਕਾਰ ਕਾਨੂੰਨ 1995* ਦੀ ਧਾਰਾ 6.47 ਦੇ ਅਨੁਸਾਰ ਰਿਹਾਇਸ਼ੀ ਰੇਟਾਂ ਵਿੱਚ ਰਿਆਇਤ (Residential Rates Concession) ਨੂੰ ਲਾਗੂ ਕੀਤਾ ਗਿਆ ਹੈ। ਇਹ ਰਿਆਇਤ ਉਨ੍ਹਾਂ ਸੰਪਤੀਆਂ ਨੂੰ ਪ੍ਰਦਾਨ ਕੀਤੀ ਜਾਂਦੀ ਹੈ ਜੋ ਕਾਰੋਬਾਰੀ ਸੁਧਾਰੇ ਗਏ ਜ਼ੋਨ ਵਾਲੇ ਖੇਤਰ ਵਿੱਚ ਹਨ, ਪਰ ਰਿਹਾਇਸ਼ੀ ਮਕਸਦ ਲਈ ਵਰਤੀ ਜਾਂਦੀਆਂ ਹਨ, ਤਾਂ ਜੋ ਉਨ੍ਹਾਂ ਦਾ ਮੁਲਾਂਕਣ ਰਿਹਾਇਸ਼ੀ ਖੇਤਰਾਂ ਵਾਲੀਆਂ ਸੰਪਤੀਆਂ ਦੇ ਤਰੀਕੇ ਨਾਲ ਹੀ ਕੀਤਾ ਜਾ ਸਕੇ।

## ਐਮਰਜੈਂਸੀ ਸੇਵਾਵਾਂ ਦਾ ਲੇਵੀ

ਐਮਰਜੈਂਸੀ ਸੇਵਾਵਾਂ ਦਾ ਲੇਵੀ (Emergency Services Levy, ESL), ਇੱਕ ਰਾਜ ਸਰਕਾਰ ਵੱਲੋਂ ਲਗਾਇਆ ਗਿਆ ਖ਼ਰਚਾ ਹੈ, ਜੋ WA ਵਿੱਚ ਸਾਰੀਆਂ ਸੰਪਤੀਆਂ 'ਤੇ ਲਾਗੂ ਹੁੰਦਾ ਹੈ, ਜੋ ਕਿ ਫਾਇਰ ਅਤੇ ਐਮਰਜੈਂਸੀ ਸੇਵਾਵਾਂ ਵਿਭਾਗ (Department of Fire and Emergency Services, DFES) ਦੀ ਤਰਫੋਂ ਸਥਾਨਕ ਸਰਕਾਰਾਂ ਦੁਆਰਾ ਬਿੱਲ ਕੀਤਾ ਅਤੇ ਇਕੱਠਾ ਕੀਤਾ ਜਾਂਦਾ ਹੈ।

ਇਹ ESL, DFES ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਐਮਰਜੈਂਸੀ ਸੇਵਾਵਾਂ, ਅਤੇ ਸਥਾਨਕ ਸਰਕਾਰੀ ਬੁਸ਼ਫਾਇਰ ਬ੍ਰਿਗੇਡਾਂ ਅਤੇ SES ਯੂਨਿਟਾਂ ਲਈ ਲੋੜੀਂਦੀ ਫੰਡਿੰਗ ਦਾ ਵੱਡਾ ਹਿੱਸਾ ਪ੍ਰਦਾਨ ਕਰਦਾ ਹੈ।

ਇਕੱਠੀ ਕੀਤੀ ਜਾਣ ਵਾਲੀ ESL ਦੀ ਰਕਮ, ਅਤੇ ਲਾਗੂ ਰੇਟਾਂ ਅਤੇ ਖ਼ਰਚਿਆ ਦੇ ਮਾਪਦੰਡਾਂ ਨੂੰ ਹਰ ਸਾਲ ਐਮਰਜੈਂਸੀ ਸੇਵਾਵਾਂ ਦੇ ਮੰਤਰੀ ਦੁਆਰਾ ਐਲਾਨਿਆ ਜਾਂਦਾ ਹੈ।

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ DFES ਦੀ ਵੈੱਬਸਾਈਟ **www.dfes.wa.gov.au/esl** ਦੇ ESL ਭਾਗ ਨੂੰ ਵੇਖੋ ਜਾਂ **1300 136 099** 'ਤੇ ਪੁੱਛ-ਗਿੱਛ ਕਰੋ।

# ਨਿਰਧਾਰਿਤ ਖੇਤਰ ਰੇਟਸ (SPECIFIED AREA RATES , SAR)

**ਕੁੱਝ ਖੇਤਰ ਉਸ ਸਥਾਨ 'ਤੇ ਵਾਧੂ ਸੇਵਾਵਾਂ ਦੀ ਲਾਗਤ ਨੂੰ ਪੂਰਾ ਕਰਨ ਲਈ SAR ਦਾ ਭੁਗਤਾਨ ਕਰਦੇ ਹਨ।**

## 1. ਟਾਊਨਸਕੇਪ ਸਹੂਲਤ ਸੇਵਾ

ਟਾਊਨਸਕੇਪ ਸਹੂਲਤ ਸੇਵਾ (Townscape Amenity SAR) ਦਾ ਉਦੇਸ਼, ਕੂੜਾ-ਕਰਕਟ ਨਿਯੰਤਰਣ, ਸੜਕ ਦੇ ਕਿਨਾਰੇ ਲੱਗੇ ਘਾਹ ਅਤੇ ਸੜਕ ਦੀ ਮੁਰੰਮਤ, ਸੜਕ ਦੇ ਕਿਨਾਰੇ ਲੱਗੇ ਘਾਹ ਦੀ ਕਟਾਈ ਆਦਿ ਵਰਗੇ ਪ੍ਰੋਗਰਾਮਾਂ ਵਿੱਚ ਸੇਵਾ ਦੇ ਪੱਧਰਾਂ ਵਿੱਚ ਵਾਧਾ ਕਰਕੇ ਕੁੱਝ ਨਿਰਧਾਰਤ ਖੇਤਰਾਂ ਦੇ ਸਹੂਲਤ ਪੱਧਰ ਵਿੱਚ ਸੁਧਾਰ ਕਰਨਾ ਹੈ।

ਇਸ ਟਾਊਨਸਕੇਪ ਸਹੂਲਤ ਸੇਵਾ ਵਿੱਚ ਚਾਰ ਕਾਰੋਬਾਰੀ/ਵਪਾਰਕ ਖੇਤਰ ਹਨ:

- ਨਿਰਧਾਰਿਤ ਖੇਤਰ A – ਆਰਮਾਡੇਲ ਟਾਊਨ ਸੈਂਟਰ
- ਨਿਰਧਾਰਿਤ ਖੇਤਰ B – ਕੈਲਮਸਕੌਟ ਟਾਊਨ ਸੈਂਟਰ
- ਨਿਰਧਾਰਿਤ ਖੇਤਰ C – ਕੈਲਮਸਕੌਟ ਉਦਯੋਗਿਕ ਖੇਤਰ
- ਨਿਰਧਾਰਿਤ ਖੇਤਰ D – ਸਾਊਥ ਆਰਮਾਡੇਲ ਉਦਯੋਗਿਕ ਖੇਤਰ

| ਖੇਤਰ | ਡਾਲਰ ਵਿੱਚ ਰੇਟ (ਸੈਂਟਾਂ ਵਿੱਚ) | ਸੰਪਤੀਆਂ ਦੀ ਸੰਖਿਆ | ਲਗਾਇਆ ਗਿਆ ਕੁੱਲ SAR ($) |
|---|---|---|---|
| SAR A | 0.4617 | 89 | 136,200 |
| SAR B | 0.9329 | 80 | 77,100 |
| SAR C | 0.1800 | 348 | 22,600 |
| SAR D | 0.3713 | 142 | 26,000 |
| **ਕੁੱਲ** | | **659** | **261,900** |

## 2. ਰਿਹਾਇਸ਼ੀ ਸਹੂਲਤ ਸੇਵਾ

ਰਿਹਾਇਸ਼ੀ ਸਹੂਲਤ ਸੇਵਾ SAR (Residential Amenity Services SAR) ਦਾ ਉਦੇਸ਼ ਨਵੇਂ ਰਿਹਾਇਸ਼ੀ ਇਲਾਕਿਆਂ ਵਿੱਚ ਪ੍ਰਦਾਨ ਕੀਤੇ ਗਏ ਜਨਤਕ ਖੁੱਲ੍ਹੇ ਸਥਾਨਾਂ ਨੂੰ ਸ਼ਹਿਰ ਦੇ ਬਾਕੀ ਹਿੱਸੇ ਵਿਚਲੇ, ਜਨਤਕ ਖੁੱਲ੍ਹੇ ਸਥਾਨਾਂ ਦੇ ਮਿਆਰ ਦੀ ਤੁਲਨਾ ਵਿੱਚ ਉੱਚੇ ਪੱਧਰ 'ਤੇ ਬਣਾਈ ਰੱਖਣਾ ਅਤੇ ਸੁਧਾਰ ਕਰਨਾ ਹੈ। ਇਨ੍ਹਾਂ ਵਿੱਚ ਸਿੰਚਾਈ ਪ੍ਰਣਾਲੀਆਂ, ਬਗ਼ੀਚੀਆਂ ਅਤੇ ਪਾਰਕ ਵਿੱਚ ਲਾਈਟਾਂ ਦਾ ਰੱਖ-ਰਖਾਅ ਕਰਨਾ ਸ਼ਾਮਲ ਹੈ।

ਇਨ੍ਹਾਂ ਰਿਹਾਇਸ਼ੀ ਸਹੂਲਤ ਸੇਵਾਵਾਂ SAR ਦਾ ਧਿਆਨ ਨਵੇਂ ਰਿਹਾਇਸ਼ੀ ਖੇਤਰਾਂ ਹੈਰਿਸਡੇਲ/ਪਿਆਰਾ ਵਾਟਰਜ਼ (SAR F) ਅਤੇ ਚੈਂਪੀਅਨ ਲੇਕਸ (SAR G) 'ਤੇ ਕੇਂਦ੍ਰਿਤ ਹੈ।

| ਖੇਤਰ | ਡਾਲਰ ਵਿੱਚ ਰੇਟ (ਸੈਂਟਾਂ ਵਿੱਚ) | ਸੰਪਤੀਆਂ ਦੀ ਸੰਖਿਆ | ਲਗਾਇਆ ਗਿਆ ਕੁੱਲ SAR ($) |
|---|---|---|---|
| SAR F | 0.2848 | 5,100 | 344,000 |
| SAR G | 0.2435 | 333 | 15,000 |
| **ਕੁੱਲ** | | **5,433** | **359,000** |



# ਰੇਟਸ ਭੁਗਤਾਨ ਕਰਨ ਦੇ ਤਰੀਕੇ

### 1 ਅਦਾਇਗੀ ਕਰਨ ਦੀ ਅੰਤਿਮ ਮਿਤੀ 30 ਸਤੰਬਰ 2025 ਤੱਕ ਪੂਰਾ ਭੁਗਤਾਨ ਕਰੋ

### 2 ਦੋ ਕਿਸ਼ਤਾਂ ਵਿੱਚ ਭੁਗਤਾਨ ਕਰੋ

- ਪਹਿਲੀ ਕਿਸ਼ਤ ਦਾ ਭੁਗਤਾਨ 30 ਸਤੰਬਰ 2025 ਨੂੰ ਹੋਣਾ ਬਕਾਇਆ ਹੈ
- ਦੂਜੀ ਕਿਸ਼ਤ ਦਾ ਭੁਗਤਾਨ 3 ਫ਼ਰਵਰੀ 2026 ਨੂੰ ਹੋਣਾ ਬਕਾਇਆ ਹੈ

ਇਸ ਤਰੀਕੇ ਦੀ ਲਾਗਤ ਵਿੱਚ 10.00 ਡਾਲਰ ਦੀ ਪ੍ਰਬੰਧਕੀ ਫ਼ੀਸ ਅਤੇ 5.5% ਪ੍ਰਤੀ ਸਾਲ ਦੇ ਹਿਸਾਬ ਨਾਲ ਗਿਣਿਆ ਗਿਆ ਵਿਆਜ ਸ਼ਾਮਲ ਹੈ।

### 3 ਚਾਰ ਕਿਸ਼ਤਾਂ ਵਿੱਚ ਭੁਗਤਾਨ ਕਰੋ

- ਪਹਿਲੀ ਕਿਸ਼ਤ ਦਾ ਭੁਗਤਾਨ 30 ਸਤੰਬਰ 2025 ਨੂੰ ਹੋਣਾ ਬਕਾਇਆ ਹੈ
- ਦੂਜੀ ਕਿਸ਼ਤ ਦਾ ਭੁਗਤਾਨ 2 ਦਸੰਬਰ 2025 ਨੂੰ ਹੋਣਾ ਬਕਾਇਆ ਹੈ
- ਤੀਜੀ ਕਿਸ਼ਤ ਦਾ ਭੁਗਤਾਨ 3 ਫ਼ਰਵਰੀ 2026 ਨੂੰ ਹੋਣਾ ਬਕਾਇਆ ਹੈ
- ਚੌਥੀ ਕਿਸ਼ਤ ਦਾ ਭੁਗਤਾਨ 7 ਅਪ੍ਰੈਲ 2026 ਨੂੰ ਹੋਣਾ ਬਕਾਇਆ ਹੈ

ਇਸ ਤਰੀਕੇ ਦੀ ਲਾਗਤ ਵਿੱਚ 30.00 ਡਾਲਰ ਦੀ ਪ੍ਰਬੰਧਕੀ ਫ਼ੀਸ (10.00 ਡਾਲਰ ਪ੍ਰਤੀ ਕਿਸ਼ਤ ਦੇ ਹਿਸਾਬ ਨਾਲ) ਅਤੇ 5.5% ਪ੍ਰਤੀ ਸਾਲ ਦੇ ਹਿਸਾਬ ਨਾਲ ਗਿਣਿਆ ਗਿਆ ਵਿਆਜ ਸ਼ਾਮਲ ਹੈ।

**ਕਿਸ਼ਤ ਦੇਣ ਦੇ ਦੋਵਾਂ ਤਰੀਕਿਆਂ ਲਈ ਧਿਆਨ ਰੱਖਣਯੋਗ ਗੱਲ:**
ਪਹਿਲੀ ਕਿਸ਼ਤ ਵਿੱਚ ਸਾਰੇ ਬਕਾਇਆ ਰੇਟ ਅਤੇ ਖ਼ਰਚੇ ਸ਼ਾਮਲ ਹੋਣੇ ਚਾਹੀਦੇ ਹਨ, ਨਹੀਂ ਤਾਂ ਕਿਸ਼ਤ ਦੁਆਰਾ ਭੁਗਤਾਨ ਕਰਨ ਦਾ ਤਰੀਕਾ ਉਪਲਬਧ ਨਹੀਂ ਹੋਵੇਗਾ।

ਜੋ ਭੁਗਤਾਨ ਨਿਰਧਾਰਤ ਮਿਤੀ ਤੱਕ ਨਹੀਂ ਕੀਤੇ ਜਾਂਦੇ ਹਨ, ਉਨ੍ਹਾਂ 'ਤੇ 7% ਪ੍ਰਤੀ ਸਾਲ ਦੀ ਵਿਆਜ ਦਰ ਦੇ ਹਿਸਾਬ ਨਾਲ ਦੇਰੀ ਨਾਲ ਭੁਗਤਾਨ ਕਰਨ ਦਾ ਖ਼ਰਚਾ ਵੀ ਲਗਾਇਆ ਜਾਵੇਗਾ।

ਜੇਕਰ ਨਿਰਧਾਰਤ ਮਿਤੀ ਤੱਕ ਪਹਿਲੀ ਕਿਸ਼ਤ ਦਾ ਪੂਰਾ ਭੁਗਤਾਨ ਨਹੀਂ ਕੀਤਾ ਜਾਂਦਾ ਹੈ ਤਾਂ ਰੇਟਦਾਤਾ ਦੋ ਜਾਂ ਚਾਰ ਕਿਸ਼ਤਾਂ ਰਾਹੀਂ ਭੁਗਤਾਨ ਕਰਨ ਦੇ ਅਧਿਕਾਰ ਨੂੰ ਗੁਆ ਦੇਣਗੇ।*

***ਕਿਸ਼ਤ ਰਾਹੀਂ ਭੁਗਤਾਨ ਕਰਨ ਦੇ ਤਰੀਕੇ ਨੂੰ ਚਾਲੂ ਕਰਨ ਲਈ ਨੋਟਿਸ 'ਤੇ ਦਿਖਾਈ ਗਈ ਰਕਮ ਦਾ ਭੁਗਤਾਨ ਕਰਨਾ ਲਾਜ਼ਮੀ ਹੈ।**

### 4 ਭੁਗਤਾਨ ਕਰਨ ਦਾ ਵਧੇਰੇ ਸਮਾਰਟ ਤਰੀਕਾ (A Smarter Way to Pay) - ਡਾਇਰੈਕਟ ਡੈਬਿਟ

ਆਪਣੇ ਚੈੱਕ ਜਾਂ ਬਚਤ ਖਾਤੇ ਤੋਂ ਹਫ਼ਤਾਵਾਰੀ, ਪੰਦਰਵਾੜੇ, ਜਾਂ ਮਹੀਨਾਵਾਰ ਡਾਇਰੈਕਟ ਡੈਬਿਟ ਰਾਹੀਂ ਨਿਰੰਤਰ ਆਧਾਰ 'ਤੇ ਆਪਣੇ ਰੇਟਾਂ ਦਾ ਭੁਗਤਾਨ ਕਰੋ (ਵਧੇਰੇ ਜਾਣਕਾਰੀ ਲਈ ਪੰਨਾ 7 ਵੇਖੋ)।

### 5 ਵਿੱਤੀ ਤੰਗੀ ਦੀ ਜਾਣਕਾਰੀ

ਜੇਕਰ ਤੁਸੀਂ ਆਪਣੇ ਰੇਟਾਂ ਦਾ ਪੂਰਾ ਭੁਗਤਾਨ ਕਰਨ ਵਿੱਚ ਜਾਂ ਕੌਂਸਲ ਦੁਆਰਾ ਪੇਸ਼ ਕੀਤੀਆਂ ਕਿਸ਼ਤ ਯੋਜਨਾਵਾਂ ਅਨੁਸਾਰ ਭੁਗਤਾਨ ਕਰਨ ਵਿੱਚ ਅਸਮਰੱਥ ਹੋ, ਤਾਂ ਭੁਗਤਾਨ ਕਰਨ ਦੇ ਵਧੇਰੇ ਸਮਾਰਟ ਤਰੀਕੇ (*A Smarter Way to Pay*) ਨਾਲ ਭੁਗਤਾਨ ਕਰਨ ਲਈ ਡਾਇਰੈਕਟ ਡੈਬਿਟ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।

ਵਿੱਤੀ ਤੰਗੀ ਦੀ ਅਰਜ਼ੀ ਦੇ ਵੇਰਵਿਆਂ ਬਾਰੇ ਚਰਚਾ ਕਰਨ ਲਈ ਕਿਰਪਾ ਕਰਕੇ ਸਾਡੀ ਰੇਟਸ ਟੀਮ (Rates Team ) ਨਾਲ **(08) 9394 5788** 'ਤੇ ਸੰਪਰਕ ਕਰੋ।

**ਭੁਗਤਾਨ ਕਰਨ ਦੀਆਂ ਵਿਧੀਆਂ ਅਤੇ ਪੂਰਾ ਭੁਗਤਾਨ ਕਰਨ ਦੇ ਤਰੀਕਿਆਂ ਲਈ ਆਪਣਾ ਰੇਟਸ ਨੋਟਿਸ ਦੇਖੋ।**

ਔਨਲਾਈਨ | BPay | AusPost | ਡਾਕ ਰਾਹੀਂ | ਨਿੱਜੀ ਰੂਪ ਵਿੱਚ

# ਭੁਗਤਾਨ ਕਰਨ ਦਾ ਵਧੇਰੇ ਸਮਾਰਟ ਤਰੀਕਾ

ਸਾਈਨ ਅੱਪ ਕਰਨ ਲਈ ਕੌਂਸਲ ਦੇ ਰੇਟਸ ਵਿਭਾਗ (Rates Department) ਨਾਲ **(08) 9394 5164** 'ਤੇ ਸੰਪਰਕ ਕਰੋ ਅਤੇ ਅਸੀਂ ਇਸ ਭੁਗਤਾਨ ਤਰੀਕੇ ਬਾਰੇ ਤੁਹਾਡੇ ਨਾਲ ਗੱਲ ਕਰਾਂਗੇ।

**ਹਫ਼ਤਾਵਾਰੀ, ਪੰਦਰਵਾੜੇ ਜਾਂ ਮਹੀਨਾਵਾਰੀ ਡਾਇਰੈਕਟ ਡੈਬਿਟ ਰਾਹੀਂ ਨਿਰੰਤਰ ਆਧਾਰ 'ਤੇ ਆਪਣੇ ਰੇਟਾਂ ਦਾ ਭੁਗਤਾਨ ਕਰੋ।**
** ਨਿਯਮ ਅਤੇ ਸ਼ਰਤਾਂ ਲਾਗੂ ਹਨ।*

ਇੱਕਮੁਸ਼ਤ ਜਾਂ ਸੀਮਤ ਕਿਸ਼ਤ ਭੁਗਤਾਨ ਪ੍ਰੋਗਰਾਮ ਕਾਰਨ ਪੈਣ ਵਾਲੇ ਬੋਝ ਨੂੰ ਘਟਾਓ।

**ਬੱਚਤ** ਇਸ ਭੁਗਤਾਨ ਵਿਧੀ ਲਈ ਕੋਈ ਪ੍ਰਬੰਧਕੀ ਫ਼ੀਸ ਜਾਂ ਜੁਰਮਾਨਾ ਵਿਆਜ ਨਹੀਂ ਲੱਗਦਾ ਹੈ।**

ਡਾਇਰੈਕਟ ਡੈਬਿਟ ਭੁਗਤਾਨ ਸਿਰਫ਼ ਚੈੱਕ ਜਾਂ ਬੱਚਤ ਖਾਤੇ ਤੋਂ ਹੀ ਸਵੀਕਾਰ ਕੀਤੇ ਜਾਂਦੇ ਹਨ, ਕ੍ਰੈਡਿਟ ਕਾਰਡ ਤੋਂ ਨਹੀਂ। ਭੁਗਤਾਨਾਂ ਦੀ ਸਾਲਾਨਾ ਪੱਧਰ 'ਤੇ ਸਮੀਖਿਆ ਕੀਤੀ ਜਾਂਦੀ ਹੈ।

** ਹਰ ਵਾਰ ਭੁਗਤਾਨ ਕੱਟਣ ਸਮੇਂ ਭੁਗਤਾਨ ਉਪਲਬਧ ਨਾ ਹੋਣ ਦੀ ਸੂਰਤ ਵਿੱਚ 25.00 ਡਾਲਰ ਫ਼ੀਸ ਲਾਗੂ ਹੁੰਦੀ ਹੈ।*
*** ਜੇਕਰ ਤੁਹਾਡੀ ਸ਼ੁਰੂਆਤ ਕਰਨ ਦੀ ਮਿਤੀ ਦੇ ਦੋ ਸਾਲਾਂ ਦੇ ਅੰਦਰ ਡਾਇਰੈਕਟ ਡੈਬਿਟ ਰੱਦ ਕਰ ਦਿੱਤਾ ਜਾਂਦਾ ਹੈ ਤਾਂ 59.50 ਡਾਲਰ ਦੀ ਪ੍ਰਬੰਧਕੀ ਫ਼ੀਸ ਲਾਗੂ ਹੋਵੇਗੀ। ਇਸ ਤੋਂ ਇਲਾਵਾ, ਤੁਸੀਂ ਉਸੇ ਜਾਇਦਾਦ ਲਈ ਕੋਈ ਹੋਰ ਡਾਇਰੈਕਟ ਡੈਬਿਟ ਪ੍ਰਬੰਧ ਸ਼ੁਰੂ ਕਰਨ ਦੇ ਯੋਗ ਨਹੀਂ ਹੋਵੋਗੇ।*




## ਭੁਗਤਾਨ ਯੋਜਨਾ ਬਣਾਉਣ ਦੇ ਤਰੀਕੇ:

### 1 7 ਮਹੀਨਾਵਾਰੀ ਕਿਸ਼ਤਾਂ ਦੀ ਉਦਾਹਰਨ

ਜੇਕਰ ਤੁਹਾਡੇ ਰੇਟਸ ਨੋਟਿਸ ਦੀ ਕੁੱਲ ਰਕਮ 2,256 ਡਾਲਰ ਹੈ
$2,256 / 7 ਮਹੀਨਾਵਾਰੀ ਕਿਸ਼ਤਾਂ = $322.29 ਜਿਸਨੂੰ ਨੇੜਲੇ ਪੂਰਨ ਅੰਕ ਤੱਕ 323 ਡਾਲਰ ਕਰ ਦਿੱਤਾ ਗਿਆ ਹੈ
*(ਸਿਰਫ਼ ਪਹਿਲੇ ਸਾਲ ਲਈ - ਸਤੰਬਰ ਵਿੱਚ ਸ਼ੁਰੂ ਹੋਵੇਗਾ)*

### 2 12 ਮਹੀਨਾਵਾਰੀ ਕਿਸ਼ਤਾਂ ਦੀ ਉਦਾਹਰਨ

ਜੇਕਰ ਤੁਹਾਡੇ ਰੇਟਸ ਨੋਟਿਸ ਦੀ ਕੁੱਲ ਰਕਮ $2,256 ਹੈ
$2,256 / 12 ਮਹੀਨਾਵਾਰੀ ਕਿਸ਼ਤਾਂ = $188
*(ਅਪ੍ਰੈਲ ਤੋਂ ਸ਼ੁਰੂ ਹੋਵੇਗਾ)*

ਰੇਟ ਜਾਰੀ ਕੀਤੇ ਗਏ (ਸਤੰਬਰ) — ਸਮੀਖਿਆ (ਮਾਰਚ)

ਅਪ੍ਰੈਲ ਵਿੱਚ ਸ਼ੁਰੂਆਤ — ਪਹਿਲੇ ਸਾਲ ਸਤੰਬਰ ਵਿੱਚ ਸ਼ੁਰੂ ਹੋਵੇਗਾ

| | ਮਹੀਨਾਵਾਰ ਉਦਾਹਰਨਾਂ | ਅਪ੍ਰੈਲ 2025 | ਮਈ | ਜੂਨ | ਜੁਲਾਈ | ਅਗਸਤ | ਸਤੰਬਰ | ਅਕਤੂਬਰ | ਨਵੰਬਰ | ਦਸੰਬਰ | ਜਨਵਰੀ 2026 | ਫਰਵਰੀ | ਮਾਰਚ |
|---|---|---|---|---|---|---|---|---|---|---|---|---|---|
| 1 | ਮਹੀਨਿਆਂ ਦੀ ਸੰਖਿਆ (7) | | | | | | 1 | 2 | 3 | 4 | 5 | 6 | 7 |
| | ਰਕਮ | | | | | | $323 | $323 | $323 | $323 | $323 | $323 | $323 |
| 2 | ਮਹੀਨਿਆਂ ਦੀ ਸੰਖਿਆ (12) | 1 | 2 | 3 | 4 | 5 | 6 | 7 | 8 | 9 | 10 | 11 | 12 |
| | ਰਕਮ | $188 | $188 | $188 | $188 | $188 | $188 | $188 | $188 | $188 | $188 | $188 | $188 |

ਮਾਰਚ 2026 ਵਿੱਚ, ਕੌਂਸਲ ਤੁਹਾਡੇ ਡਾਇਰੈਕਟ ਡੈਬਿਟ ਦੀ ਸਮੀਖਿਆ ਕਰੇਗਾ, ਅਤੇ ਤੁਹਾਡੇ ਅਗਲੇ ਸਾਲ ਦੇ ਅੰਦਾਜ਼ਨ ਰੇਟਾਂ ਦਾ ਭੁਗਤਾਨ 12 ਮਹੀਨਿਆਂ (ਅਪ੍ਰੈਲ 2026 ਤੋਂ ਮਾਰਚ 2027) ਦੌਰਾਨ ਕੀਤਾ ਜਾਵੇਗਾ।

### 3 14 ਪੰਦਰਵਾੜੇ ਅਨੁਸਾਰ ਭੁਗਤਾਨਾਂ ਦਾ ਉਦਾਹਰਨ

ਜੇਕਰ ਤੁਹਾਡਾ ਰੇਟਸ ਨੋਟਿਸ $2,256 ਹੈ
$2,256 / 14 ਪੰਦਰਵਾੜੇ = $161.14 ਜਿਸਨੂੰ ਪ੍ਰਤੀ ਪੰਦਰਵਾੜੇ ਨੇੜਲਾ ਪੂਰਨ ਅੰਕ 162 ਡਾਲਰ ਕਰ ਦਿੱਤਾ ਗਿਆ ਹੈ
*(ਸਿਰਫ਼ ਪਹਿਲੇ ਸਾਲ ਲਈ - ਸਤੰਬਰ ਵਿੱਚ ਸ਼ੁਰੂ ਹੋਵੇਗਾ)*

### 4 26 ਪੰਦਰਵਾੜੇ ਅਨੁਸਾਰ ਭੁਗਤਾਨਾਂ ਦਾ ਉਦਾਹਰਨ

ਜੇਕਰ ਤੁਹਾਡਾ ਰੇਟਸ ਨੋਟਿਸ $2,256 ਹੈ
$2,256 / 26 ਪੰਦਰਵਾੜੇ = $86.77 ਜਿਸਨੂੰ ਪ੍ਰਤੀ ਪੰਦਰਵਾੜੇ ਨੇੜਲਾ ਪੂਰਨ ਅੰਕ 87 ਡਾਲਰ ਕਰ ਦਿੱਤਾ ਗਿਆ ਹੈ
*(ਅਪ੍ਰੈਲ ਵਿੱਚ ਸ਼ੁਰੂ ਹੋਵੇਗਾ)*

ਸਮੀਖਿਆ (ਮਾਰਚ 2026)

ਅਪ੍ਰੈਲ ਵਿੱਚ ਸ਼ੁਰੂਆਤ — ਪਹਿਲੇ ਸਾਲ ਸਤੰਬਰ ਵਿੱਚ ਸ਼ੁਰੂ ਹੋਵੇਗਾ

| | ਪੰਦਰਵਾੜੇ ਦਾ ਉਦਾਹਰਨ | ਅਪ੍ਰੈਲ 2025 | | | | | | | | | | | | ਸਤੰਬਰ 2025 | | | | | | | | | | | | ਮਾਰਚ 2026 | |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| 3 | ਪੰਦਰਵਾੜਿਆਂ ਦੀ ਸੰਖਿਆ (14) | | | | | | | | | | | | | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 |
| | ਰਕਮ | | | | | | | | | | | | | $162 | $162 | $162 | $162 | $162 | $162 | $162 | $162 | $162 | $162 | $162 | $162 | $162 | $162 |
| 4 | ਪੰਦਰਵਾੜਿਆਂ ਦੀ ਸੰਖਿਆ (26) | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 | 17 | 18 | 19 | 20 | 21 | 22 | 23 | 24 | 25 | 26 |
| | ਰਕਮ | $87 | $87 | $87 | $87 | $87 | $87 | $87 | $87 | $87 | $87 | $87 | $87 | $87 | $87 | $87 | $87 | $87 | $87 | $87 | $87 | $87 | $87 | $87 | $87 | $87 | $87 |

ਮਾਰਚ 2026 ਵਿੱਚ, ਕੌਂਸਲ ਤੁਹਾਡੇ ਡਾਇਰੈਕਟ ਡੈਬਿਟ ਦੀ ਸਮੀਖਿਆ ਕਰੇਗਾ, ਅਤੇ ਤੁਹਾਡੇ ਅਗਲੇ ਸਾਲ ਦੇ ਅੰਦਾਜ਼ਨ ਰੇਟਸ ਦਾ ਭੁਗਤਾਨ 12 ਮਹੀਨਿਆਂ (ਅਪ੍ਰੈਲ 2026 ਤੋਂ ਮਾਰਚ 2027) ਦੌਰਾਨ ਕੀਤਾ ਜਾਵੇਗਾ।

# ਹੋਰ ਰੇਟਾਂ ਅਤੇ ਖ਼ਰਚਿਆਂ ਬਾਰੇ ਜਾਣਕਾਰੀ

## ਦੇਰ ਨਾਲ ਭੁਗਤਾਨ ਕਰਨ ਲਈ ਵਿਆਜ

*ਸਥਾਨਕ ਸਰਕਾਰ ਕਾਨੂੰਨ 1995* ਦੀ ਧਾਰਾ 6.51 ਦੇ ਤਹਿਤ, 30 ਜੂਨ 2026 ਨੂੰ ਸਮਾਪਤ ਹੋਣ ਵਾਲੇ ਸਾਲ ਲਈ ਬਕਾਇਆ ਰੇਟਾਂ ਅਤੇ ਖ਼ਰਚਿਆ 'ਤੇ 7% ਦੀ ਵਿਆਜ ਦਰ ਨਾਲ ਗਿਣਿਆ ਗਿਆ ਵਿਆਜ ਲਾਗੂ ਹੋਵੇਗਾ।

ਦੇਰ ਨਾਲ ਭੁਗਤਾਨ ਕਰਨ ਲਈ ਵਿਆਜ ਉਨ੍ਹਾਂ ਸਾਰੇ ਰੇਟਾਂ ਅਤੇ ਖ਼ਰਚਿਆਂ 'ਤੇ ਲਾਗੂ ਹੋਵੇਗਾ, ਜੋ ਨਿਰਧਾਰਤ ਮਿਤੀ ਤੋਂ ਬਾਅਦ ਬਗ਼ੈਰ ਭੁਗਤਾਨੇ ਰਹਿ ਜਾਂਦੇ ਹਨ। ਵਿਆਜ ਦੀ ਗਣਨਾ ਰੋਜ਼ਾਨਾ ਕੀਤੀ ਜਾਂਦੀ ਹੈ।

## ਰੇਟਾਂ ਦੀ ਵਸੂਲੀ

ਜੇਕਰ ਰੇਟਾਂ ਅਤੇ ਖ਼ਰਚਿਆ ਦੇ ਸੰਬੰਧ ਵਿੱਚ ਦਰਸਾਈ ਗਈ ਭੁਗਤਾਨਯੋਗ ਰਕਮ ਪੂਰੀ ਨਹੀਂ ਭਰੀ ਜਾਂਦੀ ਹੈ, ਜਾਂ ਪਹਿਲੀ ਕਿਸ਼ਤ ਦਾ ਭੁਗਤਾਨ ਨਿਰਧਾਰਤ ਮਿਤੀ ਤੱਕ ਨਹੀਂ ਕੀਤਾ ਜਾਂਦਾ ਹੈ, ਜਾਂ ਤੁਸੀਂ ਕੌਂਸਲ ਨਾਲ ਸਹਿਮਤ ਡਾਇਰੈਕਟ ਡੈਬਿਟ (Direct Debit) ਪ੍ਰਬੰਧ ਤਿਆਰ ਨਹੀਂ ਕੀਤਾ ਹੈ, ਤਾਂ ਪੂਰੀ ਰਕਮ ਬਕਾਇਆ ਹੋ ਜਾਵੇਗੀ ਅਤੇ ਅਦਾਲਤ ਕਾਰਵਾਈ ਰਾਹੀਂ ਵਸੂਲ ਕੀਤੀ ਜਾ ਸਕਦੀ ਹੈ (ਉਦਾਹਰਨ ਲਈ, ਜਨਰਲ ਪ੍ਰੋਸੀਜ਼ਰ ਕਲੇਮ (General Procedure Claim, GPC), ਜਾਂ ਆਮਦਨੀ ਦੀ ਜਾਂਚ-ਪੜਤਾਲ ਰਾਹੀਂ (Means Enquiry)।

ਜਨਰਲ ਪ੍ਰੋਸੀਜ਼ਰ ਕਲੇਮ (ਸੰਮਨ) ਦੀ ਔਸਤ ਲਾਗਤ ਲਗਭਗ 1,500 ਡਾਲਰ ਹੁੰਦੀ ਹੈ। ਜੇਕਰ ਤੁਹਾਡੇ ਵਿਰੁੱਧ GPC ਜਾਰੀ ਕੀਤਾ ਜਾਂਦਾ ਹੈ, ਤਾਂ ਮੈਜਿਸਟ੍ਰੇਟ ਕੋਰਟ ਦੁਆਰਾ ਡਿਫਾਲਟ ਦਰਜ ਕੀਤਾ ਜਾਂਦਾ ਹੈ। ਆਸਟ੍ਰੇਲੀਆ ਵਿੱਚ ਕ੍ਰੈਡਿਟ ਰਿਪੋਰਟਿੰਗ ਏਜੰਸੀਆਂ ਕੋਲ, ਇਸ ਜਾਣਕਾਰੀ ਤੱਕ ਪਹੁੰਚ ਕਰਨ ਅਤੇ ਇਸ ਤੋਂ ਬਾਅਦ ਇਸ ਕਰਜ਼ੇ ਨੂੰ ਤੁਹਾਡੀ ਕ੍ਰੈਡਿਟ ਰਿਪੋਰਟ 'ਤੇ ਰਿਕਾਰਡ ਕਰਨ ਦੀ ਸਮਰੱਥਾ ਹੈ, ਜਿੱਥੇ ਇਹ ਪੰਜ ਸਾਲਾਂ ਦੀ ਮਿਆਦ ਲਈ ਦਿਖਾਇਆ ਜਾਵੇਗਾ। ਇਹ ਜਾਣਕਾਰੀ ਵਿੱਤ/ਕਰਜ਼ੇ ਲਈ ਦਿੱਤੀਆਂ ਅਰਜ਼ੀਆਂ ਲਈ ਦੇਖੀ ਜਾ ਸਕਦੀ ਹੈ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ASIC ਦੀ ਵੈੱਬਸਾਈਟ **www.moneysmart.gov.au** 'ਤੇ ਜਾਓ।

## ਰੇਟਾਂ ਦੀ ਸਟੇਟਮੈਂਟ (Statement of Rates) ਜਾਂ ਰੇਟ ਬੁੱਕ (Rate Book) ਪੁਸ਼ਟੀ ਪੱਤਰ

ਰੇਟਾਂ ਦੀ ਜਾਣਕਾਰੀ ਦਿਖਾਉਣ ਵਾਲੀ ਰੇਟਾਂ ਦੀ ਸਟੇਟਮੈਂਟ ਜਾਂ ਰੇਟ ਬੁੱਕ ਪੁਸ਼ਟੀ ਪੱਤਰ ਲੈਣ ਦੀ ਬੇਨਤੀ ਕਰਨ ਵੇਲੇ ਹੇਠ ਲਿਖੀਆਂ ਪ੍ਰਬੰਧਕੀ ਫ਼ੀਸਾਂ ਲਾਗੂ ਹੋਣਗੀਆਂ:

| | |
|---|---|
| ਮੌਜੂਦਾ ਸਾਲ | $33.00 |
| ਮੌਜੂਦਾ ਸਾਲ ਅਤੇ ਪਿਛਲੇ ਤਿੰਨ ਸਾਲਾਂ ਤੱਕ | $67.00 |
| ਮੌਜੂਦਾ ਸਾਲ ਅਤੇ ਪਿਛਲੇ ਚਾਰ ਜਾਂ ਵੱਧ ਸਾਲਾਂ ਤੱਕ | $134.50 |

## ਵਿੱਤੀ ਤੰਗੀ ਨੀਤੀ

City of Armadale ਨੇ ਰੇਟਾਂ ਵਿੱਚ ਸਹਾਇਤਾ ਅਤੇ ਵਿੱਤੀ ਤੰਗੀ ਨੀਤੀ (Rates Assistance and Financial Hardship policy) ਅਪਣਾਈ ਹੈ। ਜੇਕਰ ਤੁਸੀਂ ਇਸ ਸਮੇਂ ਵਿੱਤੀ ਤੰਗੀ ਦਾ ਸਾਹਮਣਾ ਕਰ ਰਹੇ ਹੋ, ਤਾਂ ਕਿਰਪਾ ਕਰਕੇ ਸਾਡੇ ਰੇਟਸ ਵਿਭਾਗ (Rates Department) ਨਾਲ **(08) 9394 5788** 'ਤੇ ਸੰਪਰਕ ਕਰੋ ਤਾਂ ਜੋ ਅਸੀਂ ਇਸ ਬਾਰੇ ਗੱਲਬਾਤ ਕਰ ਸਕੀਏ ਕਿ ਅਸੀਂ ਤੁਹਾਡੀ ਸਹਾਇਤਾ ਲਈ ਕੀ ਕਰ ਸਕਦੇ ਹਾਂ।

## ਕੀ ਕੁੱਝ ਬਦਲਿਆ ਹੈ?

**ਕਿਰਪਾ ਕਰਕੇ ਜ਼ਮੀਨ/ਜਾਇਦਾਦ ਦੀ ਵਿਕਰੀ ਜਾਂ ਨਿਪਟਾਰੇ, ਨਾਮ ਜਾਂ ਪਤਾ ਬਦਲਣ, ਜਾਂ ਪ੍ਰਬੰਧਕੀ ਏਜੰਟ ਨਿਯੁਕਤ ਕਰਨ ਤੋਂ ਬਾਅਦ 21 ਦਿਨਾਂ ਦੇ ਵਿੱਚ-ਵਿੱਚ ਕੌਂਸਲ ਨੂੰ ਸੂਚਿਤ ਕਰੋ।**

ਜੇਕਰ ਤੁਹਾਡਾ ਪਤਾ ਬਦਲਿਆ ਹੈ, ਤਾਂ ਕੌਂਸਲ ਨੂੰ ਤੁਰੰਤ ਲਿਖਤੀ ਰੂਪ ਵਿੱਚ ਸੂਚਿਤ ਕਰੋ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਡੇ ਕੋਲ ਨੋਟਿਸ ਭੇਜਣ ਲਈ ਸਹੀ ਪਤਾ ਹੈ।

ਫਾਰਮ ਹੁਣ ਕੌਂਸਲ ਦੀ ਵੈੱਬਸਾਈਟ, ਐਡਮਿਨਸਟ੍ਰੇਸ਼ਨ ਸੈਂਟਰ ਜਾਂ **info@armadale.wa.gov.au** 'ਤੇ ਈ-ਮੇਲ ਭੇਜਣ ਰਾਹੀਂ ਵੇਰਵਿਆਂ ਅਤੇ ਸਹਾਇਕ ਜਾਣਕਾਰੀ ਦੇ ਨਾਲ ਉਪਲਬਧ ਹਨ।

ਇਹ ਯਕੀਨੀ ਬਣਾਉਣਾ ਰੇਟਦਾਤਾ ਦੀ ਜ਼ਿੰਮੇਵਾਰੀ ਹੈ ਕਿ ਕੌਂਸਲ ਕੋਲ ਤਾਜ਼ਾ ਸੰਪਰਕ ਵੇਰਵੇ ਹਨ।



## AFAC ਫ਼ੀਸਾਂ ਅਤੇ ਖ਼ਰਚਿਆ ਬਾਰੇ ਅੱਪਡੇਟ


ਅਸੀਂ AFAC ਨੂੰ ਹਰ ਕਿਸੇ ਲਈ ਪਹੁੰਚਯੋਗ ਬਣਾਉਣ ਲਈ ਮੈਂਬਰਸ਼ਿਪ ਅਤੇ ਆਮ ਮੁਲਾਕਾਤ ਦੀਆਂ ਕੀਮਤਾਂ ਨੂੰ ਘੱਟੋ-ਘੱਟ ਰੱਖਣ ਦੀ ਪੂਰੀ ਕੋਸ਼ਿਸ਼ ਕਰਦੇ ਹਾਂ।

ਨਵੀਆਂ ਫੀਸਾਂ ਅਤੇ ਖ਼ਰਚੇ ਜਲਦੀ ਹੀ ਲਾਗੂ ਹੋ ਜਾਣਗੇ। ਜੇਕਰ ਤੁਸੀਂ ਪਹਿਲਾਂ ਹੀ ਮੈਂਬਰ ਹੋ, ਤਾਂ ਨਵੀਆਂ ਮੈਂਬਰਸ਼ਿਪ ਕੀਮਤਾਂ ਤੁਹਾਨੂੰ ਉਸ ਤੋਂ ਪਹਿਲਾਂ ਸਿੱਧਾ ਸੂਚਿਤ ਕੀਤੀਆਂ ਜਾਣਗੀਆਂ। ਹੋਰ ਜਾਣਕਾਰੀ ਲਈ **active. armadale.wa.gov.au** 'ਤੇ ਜਾਓ।



## ਤਾਜ਼ਾ ਜਾਣਕਾਰੀ ਰੱਖੋ

ਸਾਲ ਭਰ ਸਮਾਗਮਾਂ ਅਤੇ ਤੁਹਾਡੀ ਕੌਂਸਲ ਦੁਆਰਾ ਕੀਤੇ ਜਾ ਰਹੇ ਕੰਮਾਂ ਬਾਰੇ ਤਾਜ਼ਾ ਜਾਣਕਾਰੀ ਰੱਖਣ ਲਈ, ਆਪਣੇ ਲੈਟਰਬਾਕਸ ਵਿੱਚ ਸਿਟੀ ਵਿਊਜ਼ ਮੈਗਜ਼ੀਨ ਦੇਖੋ, ਸਾਡੇ ਈ-ਨਿਊਜ਼ਲੈਟਰ - 'ਇਨ ਦ ਨੋਅ' ਲਈ ਸਾਈਨ ਅੱਪ ਕਰੋ, ਆਪਣੇ ਸਥਾਨਕ ਅਖਬਾਰਾਂ ਨੂੰ ਪੜ੍ਹੋ, ਸਾਨੂੰ ਫੇਸਬੁੱਕ 'ਤੇ ਫਾਲੋ ਕਰੋ ਜਾਂ ਕੌਂਸਲ ਦੀ ਵੈੱਬਸਾਈਟ 'ਤੇ ਜਾਓ।






# ਪੈਨਸ਼ਨ ਲੈਣ ਵਾਲੇ ਅਤੇ ਬਜ਼ੁਰਗ ਲੋਕਾਂ ਲਈ ਛੋਟ ਬਾਰੇ ਜਾਣਕਾਰੀ

**ਹੇਠ ਲਿਖੇ ਰਿਆਇਤ ਵੇਰਵੇ *ਰੇਟਾਂ ਅਤੇ ਖ਼ਰਚਿਆ (ਛੋਟਾਂ ਅਤੇ ਮੁਲਤਵੀਆਂ)* ਦੇ ਕਾਨੂੰਨ 1992 ਦੇ ਅਨੁਸਾਰ ਹਨ, ਜੋ ਰਾਜ ਦੇ ਮਾਲ ਦਫ਼ਤਰ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ ਅਤੇ ਕੌਂਸਲ ਦੁਆਰਾ ਵਸੂਲੇ ਜਾਂਦੇ ਹਨ। ਇਹ ਰਿਆਇਤਾਂ ਵੈਸਟਰਨ ਆਸਟ੍ਰੇਲੀਆ ਦੀ ਸਰਕਾਰ ਦੁਆਰਾ ਫ਼ੰਡ ਕੀਤੀਆਂ ਜਾਂਦੀਆਂ ਹਨ।**

ਜੇਕਰ ਤੁਸੀਂ 1 ਜੁਲਾਈ 2025 ਨੂੰ ਆਪਣੇ ਘਰ ਦੇ ਮਾਲਕ ਹੋ ਅਤੇ ਤੁਹਾਡਾ ਇਸ 'ਤੇ ਕਬਜ਼ਾ ਹੈ ਅਤੇ ਇਸ ਸਮੇਂ ਤੁਹਾਡੇ ਕੋਲ ਹੇਠ ਲਿਖਿਆਂ ਵਿੱਚੋਂ ਕੋਈ ਹੈ:

- ਪੈਨਸ਼ਨ ਰਿਆਇਤ ਕਾਰਡ (Pension Concession Card)
- ਸਟੇਟ ਰਿਆਇਤ ਕਾਰਡ (State Concession Card)
- WA ਸੀਨੀਅਰਜ਼ ਕਾਰਡ (WA Seniors Card) ਦੇ ਨਾਲ ਕਾਮਨਵੈਲਥ ਸੀਨੀਅਰਜ਼ ਹੈਲਥ ਕਾਰਡ (Commonwealth Seniors Health Card)
- ਸਿਰਫ਼ WA ਸੀਨੀਅਰਜ਼ ਕਾਰਡ (WA Seniors Card)

ਤੁਸੀਂ ਆਪਣੇ ਮੌਜੂਦਾ ਰੇਟਾਂ ਅਤੇ Emergency Services Levy (ESL) 'ਤੇ ਛੋਟ ਅਤੇ/ਜਾਂ ਮੁਲਤਵੀ ਦਾ ਦਾਅਵਾ ਕਰਨ ਦੇ ਹੱਕਦਾਰ ਹੋ ਸਕਦੇ ਹੋ।

## ਯੋਗ ਪੈਨਸ਼ਨਰ

ਜੇਕਰ ਤੁਸੀਂ ਪੈਨਸ਼ਨ ਪ੍ਰਾਪਤ ਕਰ ਰਹੇ ਹੋ ਅਤੇ ਤੁਹਾਡੇ ਕੋਲ ਉੱਪਰ ਜ਼ਿਕਰ ਕੀਤਾ ਕੋਈ ਉਚਿਤ ਕਾਰਡ ਹੈ, ਤਾਂ ਤੁਸੀਂ ਆਪਣੇ ਮੌਜੂਦਾ ਰੇਟਾਂ 'ਤੇ 50% (ਰਾਜ ਸਰਕਾਰ ਦੁਆਰਾ ਨਿਰਧਾਰਤ ਵੱਧ ਤੋਂ ਵੱਧ 750 ਡਾਲਰ ਤੱਕ) ਅਤੇ, ਨਾਲ ਹੀ ESL 'ਤੇ 50% ਦੀ ਛੋਟ ਪ੍ਰਾਪਤ ਕਰਨ ਦੇ ਹੱਕਦਾਰ ਹੋ ਸਕਦੇ ਹੋ। ਤੁਸੀਂ ਆਪਣੇ ਮੌਜੂਦਾ ਰੇਟਾਂ ਅਤੇ ESL ਨੂੰ ਮੁਲਤਵੀ ਕਰਨ ਦੇ ਯੋਗ ਵੀ ਹੋ ਸਕਦੇ ਹੋ।

## ਯੋਗ ਬੁਜ਼ੁਰਗ ਲੋਕ

ਜੇਕਰ ਤੁਹਾਡੇ ਕੋਲ ਸਿਰਫ਼ ਸੀਨੀਅਰਜ਼ ਕਾਰਡ ਹੈ, ਤਾਂ ਤੁਸੀਂ ਆਪਣੇ ਮੌਜੂਦਾ ਰੇਟਾਂ 'ਤੇ 25% ਤੱਕ (ਰਾਜ ਸਰਕਾਰ ਦੁਆਰਾ ਨਿਰਧਾਰਤ ਵੱਧ ਤੋਂ ਵੱਧ 100 ਡਾਲਰ ਤੱਕ) ਅਤੇ ESL ਦੇ 25% ਤੱਕ ਦੀ ਛੋਟ ਮਿਲਣ ਦੇ ਹੱਕਦਾਰ ਹੋ ਸਕਦੇ ਹੋ।

ਜੇਕਰ ਤੁਸੀਂ ਉਪਰੋਕਤ ਮਾਪਦੰਡਾਂ ਨੂੰ ਪੂਰਾ ਕਰਦੇ ਹੋ ਅਤੇ ਪਹਿਲਾਂ ਕਦੇ ਵੀ City of Armadale ਨਾਲ ਰਜਿਸਟਰ ਨਹੀਂ ਕੀਤਾ ਹੈ, ਤਾਂ ਅਰਜ਼ੀ ਦੇਣ ਲਈ ਵਾਟਰ ਕਾਰਪੋਰੇਸ਼ਨ (Water Corporation) ਨਾਲ **1300 659 951** 'ਤੇ ਸੰਪਰਕ ਕਰੋ ਜਾਂ **www.watercorporation.com.au** 'ਤੇ ਜਾਓ।

ਜੇਕਰ ਤੁਹਾਡੇ ਕੋਲ ਤੁਹਾਡੀ ਸੰਪਤੀ 'ਤੇ ਬਕਾਇਆ ਰੇਟਾਂ ਦੀ ਦੇਣਦਾਰੀ ਬਕਾਇਆ ਹੈ ਅਤੇ ਤੁਸੀਂ ਇੱਕ ਯੋਗ ਪੈਨਸ਼ਨਰ ਜਾਂ ਸੀਨੀਅਰ ਮੰਨੇ ਜਾਂਦੇ ਹੋ ਤਾਂ ਤੁਸੀਂ ਅਜੇ ਵੀ ਆਪਣੇ ਮੌਜੂਦਾ ਸਾਲ ਦੇ ਰੇਟਾਂ ਲਈ ਛੋਟ ਅਤੇ/ਜਾਂ ਮੁਲਤਵੀ ਕਰਨ ਦਾ ਦਾਅਵਾ ਕਰਨ ਦੇ ਯੋਗ ਹੋ ਸਕਦੇ ਹੋ, ਬਸ਼ਰਤੇ ਕਿ ਤੁਸੀਂ ਇਸ ਬਕਾਇਆ ਦੇਣਦਾਰੀ ਲਈ ਇੱਕ ਢੁਕਵੀਂ ਭੁਗਤਾਨ ਯੋਜਨਾ ਵਿੱਚ ਦਾਖਲ ਹੋਵੋ। ਇਸ ਪ੍ਰਬੰਧ ਨੂੰ ਕਾਇਮ ਰੱਖਿਆ ਜਾਣਾ ਲਾਜ਼ਮੀ ਹੈ ਅਤੇ ਇਹ ਕੌਂਸਲ ਦੀ ਡਾਇਰੈਕਟ ਡੈਬਿਟ ਪ੍ਰਣਾਲੀ ਦੇ ਤਹਿਤ ਉਪਲਬਧ ਹੈ।

ਉਸ ਰੇਟਸ ਸਾਲ ਦੌਰਾਨ ਭਾਵ 1 ਜੁਲਾਈ 2025 ਤੋਂ ਬਾਅਦ ਯੋਗ ਪੈਨਸ਼ਨਰ ਜਾਂ ਬਜ਼ੁਰਗ ਬਣਨ ਵਾਲਿਆਂ ਲਈ ਪ੍ਰੋ-ਰਾਟਾ (ਅਨੁਪਾਤ ਅਨੁਸਾਰ) ਛੋਟਾਂ ਅਤੇ ਮੁਲਤਵੀਆਂ ਦੀ ਇਜਾਜ਼ਤ ਹੈ। ਜੇਕਰ ਤੁਸੀਂ ਇਸ ਸਾਲ ਦੌਰਾਨ ਪੈਨਸ਼ਨਰ ਜਾਂ ਸੀਨੀਅਰ ਬਣਦੇ ਹੋ, ਤਾਂ ਕਿਰਪਾ ਕਰਕੇ Water Corporation ਰਾਹੀਂ ਅਰਜ਼ੀ ਦਿਓ।

ਜੇਕਰ ਤੁਹਾਡੇ ਹਾਲਾਤ ਬਦਲ ਜਾਂਦੇ ਹਨ, ਖ਼ਾਸ ਤੌਰ 'ਤੇ ਤੁਹਾਡੀ ਜਾਇਦਾਦ ਦੀ ਮਲਕੀਅਤ, ਜਾਂ ਪੈਨਸ਼ਨਰ ਜਾਂ ਸੀਨੀਅਰ ਵਜੋਂ ਤੁਹਾਡੀ ਯੋਗਤਾ ਦੇ ਸੰਬੰਧ ਵਿੱਚ, ਤਾਂ ਤੁਹਾਨੂੰ ਤੁਰੰਤ ਇਸ ਬਾਰੇ ਕੌਂਸਲ ਨੂੰ ਲਾਜ਼ਮੀ ਸੂਚਿਤ ਕਰਨਾ ਚਾਹੀਦਾ ਹੈ।

ਛੋਟਾਂ ਜਾਂ ਮੁਲਤਵੀਆਂ ਤੁਹਾਡੇ ਮੌਜੂਦਾ ਰੇਟਾਂ ਅਤੇ ESL 'ਤੇ ਲਾਗੂ ਹੁੰਦੀਆਂ ਹਨ। ਹੋਰ ਸਾਰੇ ਖ਼ਰਚਿਆ ਦਾ, ਜਿਵੇਂ ਕਿ ਕੂੜਾ-ਕਰਕਟ ਸੇਵਾ, 30 ਸਤੰਬਰ 2025 ਤੱਕ ਪੂਰਾ ਭੁਗਤਾਨ ਕੀਤਾ ਜਾਣਾ ਲਾਜ਼ਮੀ ਹੈ।

ਯੋਗ ਪੈਨਸ਼ਨਰਾਂ ਅਤੇ ਬਜ਼ੁਰਗਾਂ ਨੂੰ ਦੇਰ ਨਾਲ ਭੁਗਤਾਨ ਕਰਨ /ਕਿਸ਼ਤਾਂ 'ਤੇ ਵਿਆਜ ਦੇ ਖ਼ਰਚਿਆਂ ਅਤੇ ਕਿਸ਼ਤਾਂ/ਵਿਸ਼ੇਸ਼ ਭੁਗਤਾਨ ਪ੍ਰਬੰਧ ਕਰਨ ਲਈ ਪ੍ਰਬੰਧਕੀ ਫ਼ੀਸਾਂ ਤੋਂ ਛੋਟ ਹੈ।

ਵਧੇਰੇ ਜਾਣਕਾਰੀ ਲਈ, ਕੌਂਸਲ ਦੀ ਵੈੱਬਸਾਈਟ **www.armadale.wa.gov.au** ਜਾਂ ਰਾਜ ਦੇ ਮਾਲੀਆ ਵਿਭਾਗ ਦੇ ਦਫ਼ਤਰ (Office of State Revenue) ਦੀ ਵੈੱਬਸਾਈਟ **www.finance.wa.gov.au** 'ਤੇ ਜਾਓ।



# ਇੰਗੇਜ ਆਰਮਾਡੇਲ

## ਕਮਿਊਨਿਟੀ ਇੰਗੇਜਮੈਂਟ ਪੋਰਟਲ

### ਆਪਣੀ ਰਾਏ ਦਿਓ!

Engage Armadale (ਇੰਗੇਜ ਆਰਮਾਡੇਲ), ਆਰਮਾਡੇਲ ਕੌਂਸਲ ਨਾਲ ਜੁੜੀਆਂ ਸਾਰੀਆਂ ਚੀਜ਼ਾਂ ਲਈ ਸਾਡਾ ਔਨਲਾਈਨ ਕਮਿਊਨਿਟੀ ਹੱਬ ਹੈ। ਇਹ ਸਾਡੇ ਭਾਈਚਾਰੇ ਲਈ ਵਿਚਾਰ ਸਾਂਝੇ ਕਰਨ, ਮਹੱਤਵਪੂਰਨ ਵਿਸ਼ਿਆਂ 'ਤੇ ਚਰਚਾ ਕਰਨ, ਯੋਜਨਾਬੰਦੀ ਬਾਰੇ ਫੀਡਬੈਕ ਦੇਣ ਅਤੇ ਸਾਡੇ ਸਿਟੀ ਦੇ ਭਵਿੱਖ ਵਿੱਚ ਯੋਗਦਾਨ ਪਾਉਣ ਦੀ ਇੱਕ ਥਾਂ ਹੈ।

ਇੱਥੇ ਤੁਸੀਂ ਸਾਨੂੰ ਕਈ ਤਰ੍ਹਾਂ ਦੇ ਪ੍ਰੋਜੈਕਟਾਂ 'ਤੇ ਮੱਦਦ ਮੰਗਦੇ ਹੋਏ ਪਾਓਗੇ ਤਾਂ ਜੋ ਤੁਸੀਂ ਸਾਡੇ ਭਾਈਚਾਰੇ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਅਸਲ ਯੋਗਦਾਨ ਪਾ ਸਕੋ।

ਗੱਲਬਾਤ ਵਿੱਚ ਸ਼ਾਮਲ ਹੋਵੋ ਅਤੇ ਆਪਣੀ ਗੱਲ ਰੱਖਣ ਲਈ ਅੱਜ ਹੀ **engage.armadale.wa.gov.au** 'ਤੇ ਰਜਿਸਟਰ ਕਰੋ।












# ਸਮਾਗਮ

**ਹਰ ਸਾਲ, ਸਿਟੀ ਕੌਂਸਲ ਸਾਡੇ ਵਿਭਿੰਨ ਭਾਈਚਾਰੇ ਅਤੇ ਇਸ ਦੇ ਨਿਵਾਸੀਆਂ ਨੂੰ ਸਾਲ ਭਰ ਕਈ ਤਰ੍ਹਾਂ ਦੇ ਮੁਫ਼ਤ ਸਮਾਗਮਾਂ ਨਾਲ ਉਤਸ਼ਾਹਿਤ ਕਰਦੀ ਹੈ, ਜਿਵੇਂ ਕਿ:**



ਜੁਲਾਈ

### NAIDOC ਵੀਕ ਫੈਸਟੀਵਲ

ਇਹ ਇੱਕ ਪਰਿਵਾਰਾਂ ਲਈ ਭਾਈਚਾਰਕ ਸਮਾਰੋਹ ਹੈ ਜੋ ਆਦਿਵਾਸੀ ਸੱਭਿਆਚਾਰ ਨੂੰ ਦਰਸਾਉਂਦਾ ਹੈ, ਜਿਸ ਵਿੱਚ ਵੈਲਕਮ ਟੂ ਕੰਟਰੀ, ਧੂੰਆਂ ਸਮਾਰੋਹ, ਰਵਾਇਤੀ ਨਾਚ, ਲਾਈਵ ਮਨੋਰੰਜਨ, ਬੱਚਿਆਂ ਲਈ ਗਤੀਵਿਧੀਆਂ, ਪਾਲਤੂ ਜਾਨਵਰਾਂ ਨੂੰ ਹੱਥ ਲਾਉਣ ਵਾਲਾ ਚਿੜੀਆਘਰ, ਚੜ੍ਹਨ ਵਾਲੀਆਂ ਕੰਧਾਂ, ਸੌਸੇਜ ਸਿਜ਼ਲ, ਜਾਣਕਾਰੀ ਸਟਾਲ ਅਤੇ ਹੋਰ ਬਹੁਤ ਕੁਝ ਵੀ ਸ਼ਾਮਲ ਹੈ।



ਅਕਤੂਬਰ

### ਲੇਟਸ ਪਲੇਅ! ਆਰਮਾਡੇਲ

ਇਹ ਇੱਕ ਪਰਿਵਾਰ-ਕੇਂਦ੍ਰਿਤ ਮਨੋਰੰਜਕ ਦਿਨ ਹੈ ਜੋ ਬੱਚਿਆਂ ਅਤੇ ਪਰਿਵਾਰਾਂ ਲਈ ਮਨੋਰੰਜਨ ਪੇਸ਼ ਕਰਦਾ ਹੈ, ਜਿਸ ਵਿੱਚ ਇੱਕ ਸ਼ੋਅ, ਜਾਨਵਰਾਂ ਨੂੰ ਹੱਥ ਲਾਉਣ ਵਾਲਾ ਚਿੜੀਆਘਰ, ਕਲਾ ਅਤੇ ਸ਼ਿਲਪਕਾਰੀ, ਅਤੇ ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਜਾਣਕਾਰੀ ਵਾਲੇ ਸਟਾਲ ਸ਼ਾਮਲ ਹਨ।




ਅਕਤੂਬਰ

### ਆਰਮਾਡੇਲ ਹਾਈਲੈਂਡ ਗੈਦਰਿੰਗ

ਇਹ ਸਕਾਟਿਸ਼ ਵਿਰਸੇ ਦਾ ਇੱਕ ਰੰਗ-ਬਿਰੰਗਾ ਜਸ਼ਨ ਹੈ, ਜਿਸ ਵਿੱਚ ਰਵਾਇਤੀ ਹਾਈਲੈਂਡ ਸਮਾਰੋਹ ਜਿਵੇਂ ਕਿ ਪਾਈਪ ਬੈਂਡ ਮੁਕਾਬਲੇ, ਹਾਈਲੈਂਡ ਨਾਚ, ਭਾਰੀ ਵਜ਼ਨ ਚੁੱਕਣ ਵਾਲੇ ਮੁਕਾਬਲੇ, ਮੱਧਯੁਗੀ ਮੇਲਾ, ਕਬੀਲਿਆਂ ਦੇ ਸਟਾਲ, ਸਕਾਟਿਸ਼ ਕੁੱਤੇ, ਲਾਈਵ ਸੰਗੀਤ, ਸੀਲੀਧ ਨਾਚ, ਖਾਣ-ਪੀਣ ਦੇ ਸਟਾਲ (ਹੈਗਿਸ ਸਮੇਤ), ਯੁਵਾ ਗਤੀਵਿਧੀਆਂ ਅਤੇ ਹੋਰ ਵੀ ਬਹੁਤ ਕੁਝ ਸ਼ਾਮਲ ਹਨ।



ਦਸੰਬਰ

### ਕੈਰੋਲਜ਼ ਬਾਈ ਕੈਂਡਲਲਾਈਟ

ਇਹ ਪਰਥ ਦੇ ਸਭ ਤੋਂ ਸੁਗਮ ਕ੍ਰਿਸਮਸ ਕੈਰੋਲਜ਼ ਹਨ, ਜਿਸ ਵਿੱਚ ਤਿਉਹਾਰੀ ਪਰੇਡ, ਸਥਾਨਕ ਕੋਇਰ ਅਤੇ ਆਰਮਾਡੇਲ ਸਿਟੀ ਕੰਸਰਟ ਬੈਂਡ ਦੇ ਨਾਲ ਕੈਰੋਲ ਗਾਉਣਾ, ਅਤੇ ਹਰ ਕਿਸਮ ਦੀ ਯੋਗਤਾ ਵਾਲੇ ਲੋਕਾਂ ਲਈ ਸ਼ਮੂਲੀਅਤ ਵਾਲਾ ਵੇਖਣ ਵਾਲਾ ਖੇਤਰ ਸ਼ਾਮਲ ਹੈ, ਜੋ ਛੁੱਟੀਆਂ ਦੇ ਸੀਜ਼ਨ ਦਾ ਜਸ਼ਨ ਮਨਾਉਣ ਲਈ ਭਾਈਚਾਰੇ ਨੂੰ ਇਕੱਠਾ ਕਰਦਾ ਹੈ।



ਮਾਰਚ

### ਮੂਵੀਜ਼ ਇਨ ਮਾਰਚ

ਇਹ ਇੱਕ ਪਰਿਵਾਰਕ ਖੁੱਲੀ ਛੱਤ ਹੇਠ ਵੇਖਣ ਵਾਲੀ ਫ਼ਿਲਮ ਲੜੀ ਹੈ, ਜੋ ਸਾਡੇ ਸੁੰਦਰ ਸਥਾਨਕ ਪਾਰਕਾਂ ਵਿੱਚ ਲਾਜ਼ਮੀ ਦੇਖਣ ਵਾਲੀਆਂ ਫ਼ਿਲਮਾਂ ਦਿਖਾਉਂਦੀ ਹੈ, ਜਿਸ ਵਿੱਚ ਬੱਚਿਆਂ ਲਈ ਸਰਗਰਮੀਆਂ, ਖਾਣ-ਪੀਣ ਵਾਲੇ ਸਟਾਲ ਅਤੇ ਹਰ ਉਮਰ ਲਈ ਆਰਾਮਦਾਇਕ, ਧੂੰਆਂ-ਮੁਕਤ ਮਾਹੌਲ ਸ਼ਾਮਲ ਹੁੰਦਾ ਹੈ।



ਮਈ

### ਨਿਵਾਸੀਆਂ ਲਈ ਸਥਾਨਕ ਪੌਦੇ

ਹਰ ਸਾਲ, ਸਿਟੀ ਆਫ਼ ਆਰਮਾਡੇਲ (City of Armadale) ਨਿਵਾਸੀਆਂ ਨੂੰ ਹਜ਼ਾਰਾਂ ਮੁਫ਼ਤ ਦੇਸੀ ਪੌਦਿਆਂ ਦੇ ਪੈਕ ਮੁਹੱਈਆ ਕਰਵਾ ਕੇ ਸਹਾਇਤਾ ਕਰਦੀ ਹੈ, ਤਾਂ ਜੋ ਵਧੇਰੇ ਹਰੇ-ਭਰੇ ਅਤੇ ਜੈਵ-ਵਿਭਿੰਨਤਾ ਵਾਲੇ ਆਂਢ-ਗੁਆਂਢ ਬਣ ਸਕਣ। ਇਨ੍ਹਾਂ ਪੈਕਾਂ ਵਿੱਚ ਵੱਖ-ਵੱਖ ਬਾਗਾਂ ਦੀਆਂ ਕਿਸਮਾਂ ਲਈ ਬਣਾਈਆਂ ਗਈਆਂ ਪਾਣੀ-ਦੀ-ਬਚਤ ਕਰਨ ਵਾਲੀਆਂ ਸਥਾਨਕ ਕਿਸਮਾਂ ਸ਼ਾਮਲ ਹੁੰਦੀਆਂ ਹਨ, ਜਿਵੇਂ ਕਿ ਵਰਜ, ਬੁਸ਼ਟੱਕਰ, ਪਰਾਗਣ ਵਾਲੇ ਪੌਦੇ ਅਤੇ ਡੱਡੂ ਵਾਲੇ ਤਲਾਬਾਂ ਲਈ ਪੌਦੇ – ਇਸ ਨਾਲ ਹਰ ਕੋਈ ਸਿਹਤਮੰਦ ਵਾਤਾਵਰਣ ਵਿੱਚ ਆਸਾਨੀ ਨਾਲ ਯੋਗਦਾਨ ਪਾ ਸਕਦਾ ਹੈ।

ਅਤੇ ਹੋਰ ਵੀ ਬਹੁਤ ਕੁਝ। ਇਨ੍ਹਾਂ ਸਮਾਗਮਾਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ **my.armadale.wa.gov.au/events** 'ਤੇ ਜਾਓ।



## ਕੀ ਤੁਸੀਂ ਆਰਮਾਡੇਲ Fitness and Aquatic Centre (ਫ਼ਿਟਨੈੱਸ ਅਤੇ ਐਕੁਏਟਿਕ ਸੈਂਟਰ) ਆਜ਼ਮਾਇਆ ਹੈ?

AFAC ਸਾਲ ਭਰ ਚੱਲਣ ਵਾਲਾ ਅਜਿਹਾ ਕੇਂਦਰ ਹੈ ਜੋ ਆਰਮਾਡੇਲ ਭਾਈਚਾਰੇ ਦੀ ਸਿਹਤ ਅਤੇ ਖੁਸ਼ਹਾਲੀ ਨੂੰ ਵਧਾਉਣ ਲਈ ਸਮਰਪਿਤ ਹੈ। ਆਪਣੀਆਂ ਅਤਿ-ਆਧੁਨਿਕ ਸਹੂਲਤਾਂ ਦੇ ਨਾਲ - ਜਿਨ੍ਹਾਂ ਵਿੱਚ ਅੰਦਰੂਨੀ ਅਤੇ ਬਾਹਰੀ ਗਰਮ ਪੂਲ, ਪੂਰੀ ਤਰ੍ਹਾਂ ਲੈਸ ਜਿਮ, ਅਤੇ ਸੌਨਾ, ਸਟੀਮ ਰੂਮ ਅਤੇ ਸਪਾਅ ਦੇ ਨਾਲ ਤੰਦਰੁਸਤੀ ਸੂਇਟ ਸ਼ਾਮਲ ਹਨ - ਇਹ ਕੇਂਦਰ ਹਰ ਉਮਰ ਅਤੇ ਤੰਦਰੁਸਤੀ ਪੱਧਰ ਦੇ ਵਿਅਕਤੀਆਂ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ। ਇਸ ਦੀਆਂ ਵਿਭਿੰਨ ਪੇਸ਼ਕਸ਼ਾਂ, ਜਿਵੇਂ ਕਿ ਸਮੂਹ ਫ਼ਿਟਨੈੱਸ ਕਲਾਸਾਂ, ਜਿਨ੍ਹਾਂ ਵਿੱਚ ਨਵਾਂ 'ਲਿਮਿਟਲੈੱਸ ਟੀਨਜ਼' ਨਾਮਕ ਪ੍ਰੋਗਰਾਮ ਅਤੇ 'ਲੇਸ ਮਿੱਲਜ਼ ਵਰਚੁਅਲ' ਕਲਾਸਾਂ ਸ਼ਾਮਲ ਹਨ, ਕਰੇਚ (ਬੱਚਿਆਂ ਦੀ ਦੇਖਭਾਲ ਸਹੂਲਤ) ਅਤੇ ਬਹੁ-ਇਨਾਮ ਜੇਤੂ ਤੈਰਾਕੀ ਸਕੂਲ ਸ਼ਾਮਲ ਹਨ, ਜੋ ਨਿਵਾਸੀਆਂ ਲਈ ਸਰੀਰਕ ਸਰਗਰਮੀ ਵਿੱਚ ਸ਼ਾਮਲ ਹੋਣ, ਆਨੰਦ ਲੈਣ ਨੂੰ ਉਤਸ਼ਾਹਿਤ ਕਰਨ ਅਤੇ ਭਾਈਚਾਰੇ ਦੀ ਭਾਵਨਾ ਨੂੰ ਮਜ਼ਬੂਤ ਕਰਨ ਦੇ ਸੁਗਮ ਤਰੀਕੇ ਮੁਹੱਈਆ ਕਰਦੇ ਹਨ।

ਵਧੇਰੇ ਜਾਣਕਾਰੀ ਲਈ **active.armadale.wa.gov.au** 'ਤੇ ਜਾਓ।

Active
ਐਕਟਿਵ
ਆਰਮਾਡੇਲ
ਫ਼ਿਟਨੈੱਸ ਅਤੇ ਐਕੁਏਟਿਕ ਸੈਂਟਰ

# ਵੇਸਟ ਚਾਰਜ (ਕੂੜਾ-ਕਰਕਟ ਦੀ ਫ਼ੀਸ)

**449.00 ਡਾਲਰ ਦੀ ਘਰੇਲੂ ਕੂੜਾ-ਕਰਕਟ ਫ਼ੀਸ ਪ੍ਰਤੀ ਵਿੱਤੀ ਸਾਲ ਤੁਹਾਡੀ ਜਾਇਦਾਦ ਲਈ ਹੇਠ ਲਿਖੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ:**

- ਹਰ ਹਫ਼ਤੇ ਸਧਾਰਨ ਕੂੜਾ-ਕਰਕਟ ਇਕੱਠਾ ਕਰਨਾ
- ਹਰ ਪੰਦਰਵਾੜੇ ਰੀਸਾਈਕਲਿੰਗ ਵਾਲਾ ਕੂੜੇਦਾਨ ਇਕੱਠਾ ਕਰਨਾ
- ਇੱਕ ਵਾਰ ਸੜਕ ਕਿਨਾਰਿਓਂ ਨਿਯਤ ਤਾਰੀਖ਼ 'ਤੇ ਭਾਰੀ ਕੂੜਾ-ਕਰਕਟ ਇਕੱਠਾ ਕਰਨਾ*
- ਦੋ ਵਾਰ ਸੜਕ ਕਿਨਾਰਿਓਂ ਨਿਯਤ ਤਾਰੀਖ਼ 'ਤੇ ਹਰਾ ਕੂੜਾ-ਕਰਕਟ ਇਕੱਠਾ ਕਰਨਾ*
- ਇੱਕ ਬੁੱਕ ਕੀਤਾ ਗਿਆ ਸਪਰਿੰਗ ਮੈਟ੍ਰਸ ਕਲੈਕਸ਼ਨ - ਵੱਧ ਤੋਂ ਵੱਧ ਦੋ ਸਪਰਿੰਗ ਗੱਦੇ*
- ਚਾਰ (4) ਟਿਪ ਪਾਸ - ਸੀਮਾਵਾਂ ਅਤੇ ਸ਼ਰਤਾਂ ਲਾਗੂ ਹਨ

* ਆਪਣੇ ਕਲੈਕਸ਼ਨ ਜ਼ੋਨ ਦੀ ਜਾਂਚ ਕਰਨ ਲਈ **my.armadale.wa.gov.au/service/my-waste-collection-day** 'ਤੇ ਪਤੇ ਦੀ ਖੋਜ ਕਰਨ ਵਾਲੇ ਟੂਲ ਦੀ ਵਰਤੋਂ ਕਰੋ।

ਤੁਹਾਡੇ ਕੂੜਾ-ਕਰਕਟ ਦੀ ਸੇਵਾ ਫ਼ੀਸ ਵਿੱਚ ਲੈਂਡਫਿਲ ਵਿੱਚ ਨਿਪਟਾਏ ਗਏ ਕੂੜੇ ਦੇ ਪ੍ਰਤੀ ਟਨ ਲਈ $85 ਦੀ ਰਾਜ ਸਰਕਾਰ ਦੀ ਲੈਂਡਫਿਲ ਲੇਵੀ ਦੀ ਲਾਗਤ ਵੀ ਸ਼ਾਮਲ ਹੁੰਦੀ ਹੈ। ਇਹ ਫ਼ੀਸ ਕੂੜਾ-ਕਰਕਟ ਸਮੇਟਣ ਅਤੇ ਗ਼ੈਰ-ਕਾਨੂੰਨੀ ਡੰਪਿੰਗ ਇਕੱਠਾ ਕਰਨ, ਕੂੜਾ-ਕਰਕਟ ਨਿਯਮ ਪਾਲਣਾ ਅਤੇ ਕੂੜਾ-ਕਰਕਟ ਸਿੱਖਿਆ ਦੀ ਲਾਗਤ ਨੂੰ ਵੀ ਕਵਰ ਕਰਦੀ ਹੈ।

### ਕੂੜੇ-ਕਰਕਟ ਦੇ ਹੋਰ ਖ਼ਰਚੇ

| | |
|---|---|
| ਘਰੇਲੂ ਕੂੜਾ-ਕਰਕਟ ਦੀ ਫ਼ੀਸ | $449.00 |
| ਵਪਾਰਕ ਸਾਲਾਨਾ ਕੂੜਾ ਅਤੇ ਰੀਸਾਈਕਲਿੰਗ | $432.00 |
| ਵਾਧੂ ਸਧਾਰਨ ਕੂੜਾ-ਕਰਕਟ ਇਕੱਠਾ ਕਰਨ ਦੀ ਸੇਵਾ (ਹਫ਼ਤਾਵਾਰੀ) | $309.00 |
| ਵਾਧੂ ਰੀਸਾਈਕਲਿੰਗ ਸੇਵਾ (ਪੰਦਰਵਾੜੇ) | $99.00 |

**ਇਸ QR ਕੋਡ ਨੂੰ ਸਕੈਨ ਕਰਕੇ 2025/2026 ਦੀ ਟਿਪਿੰਗ ਫ਼ੀਸਾਂ ਦੀ ਸੂਚੀ (Schedule of Tipping Fees) ਦੇਖ ਸਕਦੇ ਹੋ।**

## ਸੜਕ ਕਿਨਾਰੇ ਰੱਖੇ ਜਾਣ ਵਾਲੇ ਕੂੜੇਦਾਨ ਦੀ ਵਰਤੋਂ ਕਰਨਾ

ਆਪਣੇ ਕੂੜਾਦਾਨ ਇਕੱਠਾ ਕਰਨ ਦੇ ਦਿਨ, ਰੀਸਾਈਕਲਿੰਗ ਪੰਦਰਵਾੜੇ, ਕੂੜੇਦਾਨ ਨੂੰ ਬਦਲਾਉਣ ਦੀ ਜਾਣਕਾਰੀ, ਤੁਹਾਡੇ ਰੀਸਾਈਕਲਿੰਗ ਕੂੜੇਦਾਨ ਵਿੱਚ ਕੀ ਜਾਣਾ ਚਾਹੀਦਾ ਹੈ ਅਤੇ ਤੁਹਾਡੇ ਸਧਾਰਨ ਕੂੜੇ ਵਾਲੇ ਕੂੜੇਦਾਨ ਵਿੱਚ ਕੀ ਨਹੀਂ ਜਾਣਾ ਚਾਹੀਦਾ ਹੈ, ਇਸ ਬਾਰੇ ਹੋਰ ਜਾਣਕਾਰੀ ਲਈ **my.armadale.wa.gov.au/service/bins-and-collections** 'ਤੇ ਜਾਓ।

ਦਸੰਬਰ ਦੀ ਸ਼ੁਰੂਆਤ ਦੇ ਆਸ-ਪਾਸ ਹਰੇਕ ਘਰ ਨੂੰ ਕੂੜਾ-ਕਰਕਟ ਅਤੇ ਰੀਸਾਈਕਲਿੰਗ ਗਾਈਡ (Waste and Recycling Guide) ਪ੍ਰਦਾਨ ਕੀਤੀ ਜਾਂਦੀ ਹੈ। ਇਸ ਵਿੱਚ ਕੈਲੰਡਰ ਸਾਲ ਲਈ ਨਿਯਤ ਕੀਤੀਆਂ ਸੜਕ ਕਿਨਾਰੇ ਤੋਂ ਕੂੜਾ ਇਕੱਠਾ ਕਰਨ ਦੀਆਂ ਤਾਰੀਖ਼ਾਂ ਸਮੇਤ ਤੁਹਾਡੀ ਕੂੜਾ-ਕਰਕਟ ਸੇਵਾ ਬਾਰੇ ਜਾਣਕਾਰੀ ਸ਼ਾਮਲ ਹੁੰਦੀ ਹੈ। ਵਧੇਰੇ ਜਾਣਨ ਲਈ **my.armadale.wa.gov.au/service/ waste-and-recycling** 'ਤੇ ਜਾਓ।

## ਟਿੱਪ ਪਾਸ ਅਤੇ ਉਹ ਕਿਸ ਲਈ ਜਾਇਜ਼ ਹਨ

**ਇਸ ਸਾਲ ਤੁਹਾਨੂੰ ਇੱਕ ਟਿੱਪ ਪਾਸ ਮਿਲੇਗਾ ਜੋ 4 ਵਾਰ ਵਰਤੋਂ ਕਰਨ ਲਈ ਹੁੰਦਾ ਹੈ, ਇਹ ਪਾਸ ਤੁਹਾਡੇ ਰਿਹਾਇਸ਼ੀ ਰੇਟਸ ਨੋਟਿਸ (Residential Rates Notice) ਨਾਲ ਨੱਥੀ ਹੁੰਦਾ ਹੈ। ਹਰੇਕ ਟਿੱਪ ਪਾਸ 'ਤੇ 4 ਗੋਲ ਚੱਕਰ ਬਣੇ ਹੋਏ ਹੁੰਦੇ ਹਨ, ਅਤੇ ਹਰੇਕ ਵਰਤੋਂ 'ਤੇ ਲੈਂਡਫਿਲ ਵਿਚ ਦਾਖਲ ਹੋਣ 'ਤੇ ਛੇਕ ਕੀਤਾ ਜਾਵੇਗਾ। ਹਰੇਕ ਵਰਤੋਂ ਤੁਹਾਨੂੰ ਹੇਠ ਲਿਖੀਆਂ ਚੀਜ਼ਾਂ ਦਾ ਨਿਪਟਾਰਾ ਕਰਨ ਦੀ ਆਗਿਆ ਦਿੰਦੀ ਹੈ:**

- 250 ਕਿਲੋਗ੍ਰਾਮ ਤੱਕ ਛਾਂਟਿਆ ਹੋਇਆ ਕੂੜਾ, ਜਾਂ
- ਦੋ ਸਪ੍ਰਿੰਗ ਮੈਟ੍ਰੈਸ, ਜਾਂ
- ਸਿਰਫ਼ 250 ਕਿਲੋਗ੍ਰਾਮ ਤੱਕ ਹਰਾ ਕਚਰਾ

ਚਾਰ ਟਿੱਪ ਪਾਸ ਵਰਤੋਂ ਵਿੱਚੋਂ ਇੱਕ ਨੂੰ 4 ਛੋਟੇ ਪੈਸੰਜਰ ਕਾਰ ਟਾਇਰਾਂ (ਰਿਮ ਤੋਂ ਬਗ਼ੈਰ) ਲਈ ਨਿਰਧਾਰਤ ਕੀਤਾ ਗਿਆ ਹੈ ਜਾਂ ਉਪਰੋਕਤ ਚੀਜ਼ਾਂ ਵਿੱਚੋਂ ਕਿਸੇ ਇੱਕ ਲਈ ਵਰਤਿਆ ਜਾ ਸਕਦਾ ਹੈ।

ਟਿੱਪ ਪਾਸਾਂ ਦੀ ਵਰਤੋਂ ਵੱਧ ਤੋਂ ਵੱਧ 250 ਕਿਲੋਗ੍ਰਾਮ ਤੱਕ ਛਾਂਟੀ ਕੀਤੇ ਕੂੜੇ ਨੂੰ ਲੋਡ ਕਰਨ ਲਈ ਹੀ ਕੀਤੀ ਜਾ ਸਕਦੀ ਹੈ। 2.6 ਘਣ ਮੀਟਰ ਤੋਂ ਉੱਪਰ ਦੀ ਕਿਸੇ ਵੀ ਚੀਜ਼ ਲਈ ਲਾਗੂ ਫ਼ੀਸ ਲਈ ਜਾਵੇਗੀ। ਇਹ ਨਿਯਮ ਸਿਰਫ਼ ਹਰੇ ਕੂੜੇ-ਕਚਰੇ ਲਈ ਵਰਤੇ ਜਾ ਰਹੇ ਟਿੱਪ ਪਾਸਾਂ 'ਤੇ ਲਾਗੂ ਨਹੀਂ ਹੁੰਦਾ ਹੈ।

ਜੇਕਰ ਤੁਹਾਡੀ ਰਿਹਾਇਸ਼ੀ ਸੰਪਤੀ ਕਿਰਾਏ 'ਤੇ ਹੈ, ਤਾਂ ਕਿਰਪਾ ਕਰਕੇ ਟਿੱਪ ਪਾਸਾਂ ਨੂੰ ਕਿਰਾਏਦਾਰਾਂ ਨੂੰ ਸੌਂਪੋ।

ਆਪਣੇ ਟਿੱਪ ਪਾਸਾਂ ਦੀ ਵਰਤੋਂ ਕਿਵੇਂ ਕਰਨੀ ਹੈ ਅਤੇ ਮੁਫ਼ਤ ਵਿੱਚ ਕੀ ਸੁੱਟਿਆ ਜਾ ਸਕਦਾ ਹੈ, ਇਸ ਬਾਰੇ ਵਧੇਰੇ ਜਾਣਕਾਰੀ ਲਈ **my.armadale.wa.gov.au/service/waste-disposal-and-recycling-centres** 'ਤੇ ਜਾਓ।

# ਈ-ਰੇਟਸ ਲਈ ਰਜਿਸਟਰ ਕਰੋ


**ਕੀ ਤੁਸੀਂ ਆਪਣੇ ਰੇਟ ਨੋਟਿਸ ਨੂੰ ਸੁਵਿਧਾਜਨਕ ਇਲੈਕਟ੍ਰਾਨਿਕ ਫਾਰਮੈਟ ਵਿੱਚ ਪ੍ਰਾਪਤ ਕਰਨਾ ਚਾਹੁੰਦੇ ਹੋ? ਤਾਂ ਫਿਰ ਈ-ਰੇਟਸ ਲਈ ਰਜਿਸਟਰ ਕਰੋ, ਇਹ ਆਸਾਨ ਹੈ! armadale.wa.gov.au/eRates 'ਤੇ ਜਾਓ**

ਈ-ਰੇਟਸ ਦੀ ਚੋਣ ਕਰਕੇ, ਤੁਸੀਂ ਰੁੱਖਾਂ, ਪਲਾਸਟਿਕ, ਪਾਣੀ, ਗ੍ਰੀਨਹਾਊਸ ਗੈਸਾਂ ਦੇ ਨਿਕਾਸ ਅਤੇ ਲੈਂਡਫਿਲ ਕਚਰੇ, ਜੋ ਸਾਰੇ ਕਾਗਜ਼, ਲਿਫ਼ਾਫ਼ੇ, ਪ੍ਰਿੰਟਰ ਕਾਰਟ੍ਰੀਜ ਅਤੇ ਸਟੈਂਪ ਦੇ ਉਤਪਾਦਨ ਦਾ ਹਿੱਸਾ ਹੁੰਦੇ ਹਨ, 'ਤੇ ਪ੍ਰਭਾਵ ਨੂੰ ਘਟਾ ਕੇ ਵਾਤਾਵਰਣ ਦੀ ਸਹਾਇਤਾ ਕਰੋਗੇ।

ਈ-ਰੇਟਸ ਲਈ ਰਜਿਸਟਰ ਕਰੋ ਅਤੇ ਤੁਸੀਂ ਆਪਣੇ ਰੇਟ ਨੋਟਿਸਾਂ, ਅੰਤਮ ਨੋਟਿਸ ਅਤੇ ਕਿਸ਼ਤਾਂ ਦੀ ਯਾਦ ਦਿਲਾਉਣ ਵਾਲੇ ਨੋਟਿਸਾਂ ਨੂੰ ਈ-ਮੇਲ ਰਾਹੀਂ ਪ੍ਰਾਪਤ ਕਰੋਗੇ। ਬਾਕੀ ਸਾਰੇ ਪੱਤਰ-ਵਿਹਾਰ ਨੂੰ ਅਸੀਂ ਮੁਲਾਂਕਣ ਲਈ ਆਪਣੇ ਰਿਕਾਰਡ 'ਤੇ ਮੌਜੂਦ ਡਾਕ ਪਤੇ 'ਤੇ ਭੇਜਦੇ ਰਹਾਂਗੇ।

## ਰਜਿਸਟਰ ਕਰਨ ਲਈ

ਤੁਹਾਡੇ ਕੋਲ ਆਪਣਾ ਰੇਟਸ ਦਾ ਮੁਲਾਂਕਣ ਨੰਬਰ ਹੋਣਾ ਲਾਜ਼ਮੀ ਹੈ ਜੋ ਪਹਿਲਾਂ ਜਾਰੀ ਕੀਤੇ ਗਏ ਕਿਸੇ ਵੀ ਰੇਟ ਨੋਟਿਸ ਦੇ ਉੱਪਰ ਸੱਜੇ ਪਾਸੇ ਦੇਖਿਆ ਜਾ ਸਕਦਾ ਹੈ।




ਈ-ਰੇਟਸ ਬਾਰੇ ਅਤੇ ਰਜਿਸਟਰ ਕਰਨ ਦੇ ਤਰੀਕੇ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ, **www.armadale.wa.gov.au** 'ਤੇ ਜਾਓ ਜਾਂ ਸਾਡੇ ਨਾਲ ਸਿੱਧੇ **9394 5788** 'ਤੇ ਸੰਪਰਕ ਕਰੋ।




**CITY OF ARMADALE**
Administration Centre
7 Orchard Avenue,
Armadale WA 6112

9394 5000 | info@armadale.wa.gov.au
**armadale.wa.gov.au**

CITY OF Armadale